2. ਆਪਸੀ ਪ੍ਰਭਾਵ ਕਾਰਣ ਬੱਲ ਹੁੰਦਾ ਹੈ। (FORCES ARE DUE TO AN INTER ACTION), ਖੇਡਣਾ, ਚੱਲਣਾ, ਧਕੇਲਣਾ, ਖਿੱਚਣਾ, ਕਿਕਲੀ ਪਾਉਣਾ ਸਭ ਆਪਸੀ ਪ੍ਰਭਾਵ ਕਾਰਣ ਹੁੰਦੇ ਹਨ।
3. ਬਲਾਂ ਬਾਰੇ ਜਾਣਨਾ (EXPLORING FORCES): ਸਾਰੇ ਬਲ ਇੱਕ ਦਿਸ਼ਾ ਵਿੱਚ ਹੋਣ ਤਾਂ ਪਰਿਣਾਮੀ ਬਲ ਵੱਧਦਾ ਹੈ। ਉਲਟ ਦਿਸ਼ਾਵੀ ਬਲਾਂ ਦਾ ਪਰਿਣਾਮੀ ਬਲ, ਦਿਸ਼ਾ ਅਤੇ ਬਲ ਦੀ ਮਾਤਰਾ ਤੇ ਨਿਰਭਰ ਕਰਦਾ ਹੈ।
4. ਬਲ ਗਤੀ ਦੀ ਦਿਸ਼ਾ ਬਦਲ ਸਕਦਾ ਹੈ। (A FORCE CAN CHANGE THE STATE OF MOTION), ਵਿਰਾਮ ਨੂੰ ਗਤੀ, ਗਤੀ ਨੂੰ ਵਿਰਾਮ ਵਿੱਚ ਬਦਲਣਾ। ਗਤੀ ਦੀ ਦਿਸ਼ਾ ਬਦਲਣਾ ਬਲ ਨਾਲ ਹੀ ਸੰਭਵ ਹੁੰਦਾ ਹੈ।
5. ਬਲ ਨਾਲ ਵਸਤੂ ਦਾ ਆਕਾਰ ਬਦਲ ਸਕਦਾ ਹੈ। (FORCES CAN CHANGE THE SHAPE OF OBJECT), ਸਪਰਿੰਗ ਖਿੱਚਣਾ ਬੁਲ-ਵਰਕਰ ਦਬਾਉਣਾ, ਨਚੋੜਨਾ, ਸਪੰਜ ਨੂੰ ਦਬਾਉਣ ਨਾਲ ਆਕਾਰ ਬਦਲਦਾ ਹੈ।
6. ਛੋਹ ਬਲ (CONTACT FORCES): ਮਨੁੱਖ ਸਮੇਤ ਸਾਰੇ ਜੰਤੂਆਂ ਦਾ ਮਾਸ ਪੇਸ਼ੀਆਂ ਦਾ ਬਲ ਛੋਹ ਨਾਲ ਹੀ ਕਿਰਿਆ ਕਰਦਾ ਹੈ। ਰਗੜ ਬਲ ਵੀ ਛੋਹ ਨਾਲ ਹੀ ਹੁੰਦਾ ਹੈ।
7. ਬਿਨਾ ਛੋਹ ਵਾਲੇ ਬਲ। (NON-CONTACT FORCES), ਚੁੰਬਕੀ ਬਲ, ਧਰਤੀ ਦੀ ਗੁਰਤਾ, ਬ੍ਰਹਿਮੰਡ ਦੀਆਂ ਵਸਤਾਂ ਦਾ ਗੁਰਤਾਕਰਸ਼ਣ, ਬਿਜਲੀ ਚੁੰਬਕੀ ਬਲ ਬਿਨ੍ਹਾਂ ਛੋਹ ਵਾਲੇ ਹਨ। !
8. ਦਬਾਓ। (PRESSURE): ਕੱਟਣਾ, ਚੀਰਨਾ, ਫਾੜਨਾ, ਭਾਰ ਚੁੱਕਣਾ ਆਦਿ।
9. ਦ੍ਰਵਾਂ ਅਤੇ ਗੈਸਾਂ ਦਾ ਦਬਾਓ (PRESSURE EXERTED BY LIQUIDS AND GASES): ਦ੍ਰਵਾਂ ਨਾਲ ਭਰੇ ਭਾਂਡਿਆਂ ਦੇ ਤਲ ਤੇ ਦਬਾਓ, ਡੈਮ ਦੀਆਂ ਕੰਧਾਂ ਤੇ ਦਬਾਓ, ਵਾਹਨਾਂ ਦੀਆਂ ਟਿਊਬਾਂ/ਟਾਇਰਾਂ ਵਿੱਚ ਦਬਾਓ।
10. ਵਾਯੂਮੰਡਲੀ ਦਬਾਓ (ATMOSPHERIC PRESSURE): ਧਰਤੀ ਦੁਆਲੇ ਹਵਾ ਦੇ ਘੇਰੇ, ਵਾਯੂਮੰਡਲ ਕਾਰਣ ਦਬਾਓ।

ਅਧਿਆਇ - 12 ਰਗੜ (Friction)

ਦੋ ਤਲਾਂ ਦੀ ਆਪਸੀ ਗਤੀ ਕਾਰਣ ਰਗੜ ਬਲ ਪੈਦਾ ਹੁੰਦਾ ਹੈ।

1. ਰਗੜ ਬਲ ਇੱਕ ਵਸਤੂ (FOCES OF FRICTION) (ਸਜੀਵ ਜਾਂ ਨਿਰਜੀਵ) ਦੀ ਦੂਜੀ ਵਸਤੂ ਦੇ ਤਲ ਤੇ ਗਤੀ ਕਾਰਣ ਰਗੜ।
2. ਰਗੜ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕ (FACTORS AFFECTING FRICTION): ਆਪਸੀ ਤਲਾਂ ਦਾ ਪੱਧਰਾ ਗੋਲ, ਚਪਟਾ ਜਾਂ ਰੇੜ੍ਹੂ ਆਕਾਰ ਦਾ ਹੋਣਾ। ਭਾਰੀ ਜਾਂ ਹਲਕੀ ਵਸਤੂ। ਵਾਹਨਾਂ ਦੇ ਟਾਇਰਾਂ/ਟਾਇਰਾਂ ਵਿੱਚ ਹਵਾ ਦਬਾਓ ਅਤੇ ਰਗੜ ਬਲ। ਛੋਹ ਤਲਾਂ ਦਾ ਆਕਾਰ।
3. ਰਗੜ ਇੱਕ ਜ਼ਰੂਰੀ ਬੁਰਾਈ (FRICTION A NECESSARY EVIL): ਰਗੜ ਕਾਰਣ ਹੀ ਗਤੀ ਸੰਭਵ, ਬ੍ਰੇਕਾਂ ਦਾ ਬਲ ਕਾਰਨ ਘਿਸਣਾ ਜਾਂ ਪਦਾਰਥਾਂ ਦਾ ਰਗੜ ਕਾਰਣ ਫਟਣਾ ਲਾਭਕਾਰੀ ਨਹੀਂ ਪਰ ਜ਼ਰੂਰੀ ਹੈ।
4. ਰਗੜ ਨੂੰ ਵਧਾਉਣਾ ਅਤੇ ਘਟਾਉਣਾ (INCREASING AND REDUCING FRICTION): ਖੁਰਦਰੇ ਤਲ, ਟਾਇਰਾਂ ਦੀਆਂ ਮੋਟੀਆਂ ਗੁੱਟੀਆਂ, ਊਬੜ-ਖਾਬੜ ਤਲ ਰਗੜ ਵਧਾਉਂਦੇ ਹਨ। ਬਾਲ ਵੀਅਰਿੰਗ, ਗਰੀਸ ਦੇਣਾ ਤੱਲ ਪੱਧਰਾ ਕਰਨਾ, ਪਾਉਡਰ ਰਗੜ ਘਟਾਂਦੇ ਹਨ।
5. ਪਹੀਏ ਜਾਂ ਰੇੜੂ ਬਲ ਘਟਾਂਦੇ ਹਨ। (WHEELS REDUCE FRICTION), ਵੱਡੇ ਭਾਰ ਹੇਠਾਂ ਰੇੜੂ ਲਾਣ, ਪਹੀਆਂ ਨਾਲ ਰਗੜ ਦਾ ਘਟਣਾ।

6. ਤਰਲਾਂ ਦਾ ਦਬਾਓ (FLUID FRICTION): ਉੱਡਦੇ ਪੰਛੀਆਂ, ਜਹਾਜ਼ਾਂ ਤੇ ਹਵਾ ਦੀ ਰਗੜ ਨਾਲ ਗਤੀ ਘਟਣਾ, ਪਾਣੀ ਦੀ ਰਗੜ, ਬੇੜੀ ਤੈਰਾਕ, ਸਮੁੰਦਰੀ ਜਹਾਜ਼ ਦੀ ਗਤੀ ਨੂੰ ਘਟਾਂਦੀ ਹੈ।

ਅਧਿਆਇ-13 ਧੁਨੀ (Sound)

ਧੁਨੀ ਊਰਜਾ ਦਾ ਇੱਕ ਰੂਪ

1. ਕੰਪਨ ਕਰਦੀ ਵਸਤੂ ਹੀ ਧੁਨੀ ਪੈਦਾ ਕਰਦੀ ਹੈ। (SOUND IS PRODUCED BY A VIBRATING BODY), ਕੰਪਨ ਕਰਦੇ ਰਬੜ ਬੈਂਡ, ਘੰਟੀ, ਭਾਂਡਾ, ਗਿਟਾਰ ਦੀ ਤਾਰ, ਤੂੰਬੀ ਦੀ ਤਾਰ, ਤਬਲਾ, ਵੀਣਾ ਆਦਿ ਧੁਨੀ ਪੈਦਾ ਕਰਦੇ ਹਨ।
2. ਮਨੁੱਖਾਂ ਦੁਆਰਾ ਪੈਦਾ ਧੁਨੀ (SOUND PRODUCED BY HUMANS): ਸੰਘ ਅਤੇ ਸੁਰ-ਯੰਤਰ ਵਿੱਚ ਕੰਪਨ ਕਰਦੇ ਵੋਕਲ ਕਾਰਡ ਅਤੇ ਧੁਨੀ ਨੂੰ ਆਕਾਰ ਦਿੰਦੇ ਮੂੰਹ ਦੇ ਦੰਦ, ਜੀਭ, ਤਾਲੂ ਆਦਿ।
3. ਧੁਨੀ ਸੰਚਾਰ ਲਈ ਮਾਧਿਅਮ ਦੀ ਲੋੜ ਹੁੰਦੀ ਹੈ। (SOUND NEEDS A MEDIUM FOR PROPAGATION), ਗੈਸ, ਦ੍ਰਵ ਅਤੇ ਠੋਸਾਂ ਵਿੱਚ ਕਣਾਂ ਦੇ ਕੰਪਨ ਕਾਰਨ ਤਰੰਗਾਂ ਪੈਦਾ ਹੋਣਾ ਅਤੇ ਤਰੰਗਾਂ ਰਾਹੀਂ ਧੁਨੀ ਸੰਚਾਰ।
4. ਅਸੀਂ ਆਪਣੇ ਕੰਨਾਂ ਨਾਲ ਸੁਣਦੇ ਹਾਂ। (WE HEAR SOUND THROUGH OUR EAR), ਮਨੁੱਖੀ ਕੰਨ ਦੀ ਰਚਨਾ ਅਤੇ ਧੁਨੀ ਦਾ ਸੁਣਨਾ।
5. ਤਰੰਗਾਂ ਦੀ ਆਵ੍ਰਿਤਿ, ਸਮਾਕਾਲ ਅਤੇ ਉੱਚਾ ਪੰਨ। (AMPLITUDE, TIME PERIOD AND FREQUENCY OF A VIBRATION), ਕੰਪਨ ਕਰਦੇ ਕਣਾਂ ਦਾ ਵਿਸਥਾਪਨ, ਤਰੰਗ ਦੀ ਆਵ੍ਰਿਤਿ, ਤਰੰਗ ਦੇ ਕਣਾਂ ਦਾ ਸਮਾਕਾਲ ਧੁਨੀ ਦਾ ਉੱਚਾਪਨ।
6. ਸੁਣਨਯੋਗ ਅਤੇ ਨਾ ਸੁਣਨਯੋਗ ਧੁਨੀ। (AUDIBLE AND INAUDIBLE SOUND), ਸੁਣਨਯੋਗ ਧੁਨੀ ਦੀ ਆਵ੍ਰਿਤਿ ਅਤੇ ਨਾ ਸੁਣਨਯੋਗ ਧੁਨੀ ਦੀ ਆਵ੍ਰਿਤਿ।
7. ਸ਼ੋਰ ਅਤੇ ਸੰਗੀਤ। (NOISE AND MUSIC), ਧੁਨੀ ਦਾ ਸ਼ੋਰ ਅਤੇ ਸੰਗੀਤ ਵਿੱਚ ਵਰਗੀਕਰਣ ਅਤੇ ਦੋਵਾਂ ਵਿੱਚ ਅੰਤਰ।
8. ਧੁਨੀ ਪ੍ਰਦੂਸ਼ਣ (ਸ਼ੋਰ) (NOISE POLLUTION): ਧੁਨੀ ਦਾ ਉੱਚਾ ਹੋਣ ਕਾਰਣ ਸ਼ੋਰ ਵਿੱਚ ਬਦਲਣਾ, ਸ਼ੋਰ ਦਾ ਸਰੀਰ ਦੇ ਵੱਖ -ਵੱਖ ਅੰਗਾਂ ਤੇ ਪ੍ਰਭਾਵ। ਧੁਨੀ ਪ੍ਰਦੂਸ਼ਣ ਕਾਰਣ ਬੋਲਾਪਨ। ਸ਼ੋਰ ਘਟਾਉਣ ਦੇ ਢੰਗ।

ਅਧਿਆਇ-14 ਬਿਜਲੀ ਧਾਰਾ ਦੇ ਰਸਾਇਣਿਕ ਪ੍ਰਭਾਵ (Chemical Effects of Electric Current)

ਬਿਜਲੀ ਚਾਰਜ ਦਾ ਵਹਾਅ ਤੇ ਬਿਜਲੀ ਧਾਰਾ

1. ਕੀ ਦ੍ਰਵ ਵੀ ਬਿਜਲੀ ਦੇ ਚਾਲਕ ਹੁੰਦੇ ਹਨ? (DO LIQUIDS CONDUCT ELECTRICITY?): ਵੱਖ-ਵੱਖ ਦ੍ਰਵਾਂ ਰਾਹੀਂ ਬਿਜਲੀ ਧਾਰਾ ਗੁਜਾਰ ਕੇ ਚਾਲਕ ਅਤੇ ਕੁਚਾਲਕ ਪਤਾ ਕਰਨਾ ਬਿਜਲੀ ਟੈਸਟਰ ਦੀ ਵਰਤੋਂ।
2. ਬਿਜਲੀ ਧਾਰਾ ਦੇ ਰਸਾਇਣਿਕ ਪ੍ਰਭਾਵ (CHEMICAL EFFECTS OF ELECTRIC CURRENT): ਬਿਜਲੀ ਚਾਲਕ ਘੋਲਾਂ ਦਾ ਬਿਜਲੀ ਵਿਸ਼ਲੇਸ਼ਣ । ਫਲਾਂ, ਸਬਜ਼ੀਆਂ ਰਾਹੀਂ ਬਿਜਲੀ ਉਤਪਾਦਨ, ਬਿਜਲੀ ਲੇਪਨ।

ਅਧਿਆਇ-15 ਕੁੱਝ ਕੁਦਰਤੀ ਵਰਤਾਰੇ (Some Natural Phenomena)

ਮੀਂਹ, ਹੜ੍ਹ, ਭੂਚਾਲ, ਸੋਕਾ, ਤੂਫਾਨ, ਲਿਸ਼ਕਾਰਾ, ਚੱਕਰਵਾਤ ਬਾਰੇ ਜਾਣਕਾਰੀ

1. ਅਕਾਸ਼ੀ ਬਿਜਲੀ (LIGHTENING): ਅਕਾਸ਼ੀ ਬਿਜਲੀ ਦਾ ਪੈਦਾ ਹੋਣਾ। ਉਲਟ ਚਾਰਜ ਵਾਲੇ ਬੱਦਲਾਂ ਕਾਰਣ ਬਿਜਲੀ ਦਾ ਲਿਸ਼ਕਾਰਾ ਅਤੇ ਗੜਗੜਾਹਟ ਪੈਦਾ ਹੋਣਾ ਅਤੇ ਵੱਖ-ਵੱਖ ਸਮੇਂ 'ਤੇ ਧਰਤੀ ਤੇ ਪੁੱਜਣਾ, ਧੁਨੀ ਅਤੇ ਪ੍ਰਕਾਸ਼ ਦੀ ਚਾਲ ਕਾਰਣ।
2. ਰਗੜ ਕਾਰਣ ਚਾਰਜ ਪੈਦਾ ਕਰਣਾ। (CHARGING BY RUBBING), ਰਗੜ ਦੌਰਾਨ ਇਲੈਕਟਰਾਨ ਦੇ ਇੱਕ ਤੋਂ ਦੂਜੇ ਪਦਾਰਥ ਤੇ ਜਾਣ ਕਾਰਣ ਸਥਿਰ ਬਿਜਲੀ ਪੈਦਾ ਹੋਣਾ।
3. ਚਾਰਜਾਂ ਦੀਆਂ ਕਿਸਮਾਂ ਅਤੇ ਉਨ੍ਹਾਂ ਦਾ ਵਰਤਾਰਾ। (TYPES OF CHARGES AND THEIR INTERACTION), ਵੱਖ-ਵੱਖ ਪਦਾਰਥਾਂ ਦੇ ਰਗੜਨ ਕਾਰਣ ਧੰਨ ਤੇ ਰਿਣ ਚਾਰਜ ਪੈਦਾ ਕਰਨਾ।
4. ਚਾਰਜ ਦਾ ਸਥਾਨੰਤਰਣ। (TRANSFER OF CHARGE), ਰਗੜ ਨਾਲ ਪੈਦਾ ਹੋਏ ਚਾਰਜ ਨੂੰ ਛੋਹ ਨਾਲ ਦੂਜੀ ਵਸਤੂ ਤੇ ਸਥਾਨੰਤਰਿਤ ਕਰਨਾ। ਇਨੈਕਟ੍ਰੋਸਕੋਪ ਨੂੰ ਛੋਹ ਅਤੇ ਪ੍ਰੇਰਣ ਰਾਹੀਂ ਚਾਰਜ ਕਰਨਾ।
5. ਅਕਾਸ਼ੀ ਬਿਜਲੀ ਦੀ ਕਹਾਣੀ। (THE STORY OF LIGHTENING): ਅਕਾਸ਼ ਵਿੱਚ ਜਲਵਾਸ਼ਪਾਂ ਦੀ ਰਗੜ ਕਾਰਣ ਬੱਦਲਾਂ ਵਿੱਚ ਚਾਰਜ ਪੈਦਾ ਹੋਣਾ। ਉਲਟੇ ਚਾਰਜ ਵਾਲੇ ਬਦਲਾ ਦੇ ਟਕਰਾਉਣ ਨਾਲ ਅਕਾਸ਼ੀ ਬਿਜਲੀ ਪੈਦਾ ਹੋਣਾ।
6. ਅਕਾਸ਼ੀ ਬਿਜਲੀ ਤੋਂ ਸੁਰੱਖਿਆ। (LIGHTENING SAFETY), ਮੀਂਹ ਪੈਣ ਸਮੇਂ ਜਾਂ ਉਸ ਤੋਂ ਬਾਅਦ ਬਿਜਲੀ ਦਾ ਲਿਸ਼ਕਾਰਾ ਪੈਦਾ ਹੋਣਾ ਅਤੇ ਉਸ ਤੋਂ ਬਚਾਅ ਦੇ ਸੁਰੱਖਿਅਤ ਠਿਕਾਣੇ।
7. ਭੂਚਾਲ (EARTHQUAKE): ਭੂਚਾਲ ਪ੍ਰਭਾਵਿਤ ਖੇਤਰਾਂ ਬਾਰੇ ਜਾਣਕਾਰੀ ਅਤੇ ਸੁਰੱਖਿਅਤ ਥਾਵਾਂ ਦੀ ਚੋਣ ਅਤੇ ਉਨ੍ਹਾਂ ਦੀ ਵਰਤੋਂ ਕਰਨੀ, ਭੂਚਾਲ ਨੂੰ ਮਾਪਣਾ।

ਅਧਿਆਇ-16 ਪ੍ਰਕਾਸ਼ (Light)

ਊਰਜਾ ਦਾ ਰੂਪ: ਪ੍ਰਕਾਸ਼ ਇਸ ਨਾਲ ਵਸਤਾਂ ਦੇਖਣਾ

1. ਵਸਤਾਂ ਨੂੰ ਵੇਖਣਯੋਗ ਕੌਣ ਬਣਾਂਦਾ ਹੈ? (WHAT MAKES THINGS VISIBLE): ਅਪਾਰਦਰਸ਼ੀ ਪਦਾਰਥਾਂ ਤੇ ਪ੍ਰਕਾਸ਼ ਪੈਣ ਨਾਲ ਉਹ ਵੇਖਣਯੋਗ ਹੁੰਦੀਆਂ ਹਨ।
2. ਪਰਾਵਰਤਨ ਦੇ ਨਿਯਮ (LAWS OF REFLECTION): ਚਮਕੀਲੇ ਤਲਾਂ ਰਾਹੀਂ ਪ੍ਰਕਾਸ਼ ਦਾ ਪਰਾਵਰਤਨ, ਸਮਤਲ ਦਰਪਣ ਰਾਹੀਂ ਪਰਾਵਰਤਨ ਅਤੇ ਉਸਦੇ ਨਿਯਮ, ਸਮਤਲ ਦਰਪਣ ਵਿੱਚ ਬਣੇ ਪ੍ਰਤੀਬਿੰਬ ਦੇ ਲੱਛਣ।
3. ਨਿਯਮਬੱਧ ਅਤੇ ਧੁੰਦਲਾ ਪਰਾਵਰਤਨ (REGULAR AND DIFFUSED REFLECTION): ਸਮਤਲ ਦਰਪਣ ਅਤੇ ਟੇਡੇ-ਮੇਢੇ ਤਲ ਰਾਹੀਂ ਪ੍ਰਕਾਸ਼ ਦਾ ਪਰਾਵਰਤਨ
4. ਪਰਾਵਰਤਿਤ ਪ੍ਰਕਾਸ਼ ਨੂੰ ਮੁੜ ਪਰਾਵਰਤਿਤ ਕੀਤਾ ਜਾ ਸਕਦਾ ਹੈ। (REFLECTED LIGHT CAN BE REFLECTED AGAIN), ਪੈਰੀਸਕੋਪ ਰਾਹੀਂ ਬਾਰ-ਬਾਰ ਪ੍ਰਕਾਸ਼ ਦਾ ਪਰਾਵਰਤਨ।
5. ਬਹੁ ਪ੍ਰਤੀਬਿੰਬ (MULTIPLE IMAGES): ਸਮਾਨੰਤਰ ਦਰਪਣਾਂ ਰਾਹੀਂ ਅਨੰਤ ਪ੍ਰਤੀਬਿੰਬ ਤਿਆਰ ਕਰਨਾ। ਦੋ ਦਰਪਣਾਂ ਨੂੰ ਵਿਸ਼ੇਸ਼ ਕੋਣ 'ਤੇ ਜੋੜ ਕੇ ਪ੍ਰਤੀਬਿੰਬ ਬਣਾਉਣੇ।
6. ਸੂਰਜੀ ਪ੍ਰਕਾਸ਼ : ਸਫੇਦ ਜਾਂ ਰੰਗੀਨ। (SUNLIGHT : WHITE OR COLOURED) ਪ੍ਰਿਜ਼ਮ ਰਾਹੀਂ ਸੂਰਜੀ ਪ੍ਰਕਾਸ਼ ਦਾ ਅਧਿਐਨ।
7. ਸਾਡੀਆਂ ਅੱਖਾਂ ਅੰਦਰ ਕੀ ਹੈ? (WHAT IS INSIDE OUR EYES?), ਮਨੁੱਖੀ ਅੱਖ ਦੀ ਰਚਨਾ, ਮਾਡਲ ਰਾਹੀਂ ਉਸਦੇ ਅੰਦਰੂਨੀ ਭਾਗਾਂ ਬਾਰੇ ਜਾਣਕਾਰੀ।
8. ਅੱਖਾਂ ਦੀ ਸੰਭਾਲ (CARE OF THE EYES): ਅੱਖਾਂ ਨੂੰ ਤੰਦਰੁਸਤ ਰੱਖਣ ਲਈ ਪੋਸ਼ਣ, ਸਫ਼ਾਈ ਅਤੇ ਪ੍ਰਕਾਸ਼ ਦੀ ਠੀਕ ਵਰਤੋਂ, ਤੇਜ ਪ੍ਰਕਾਸ਼ ਤੋਂ ਬਚਾਅ।

9. ਦ੍ਰਿਸ਼ਟੀਹੀਨ ਵਿਅਕਤੀ ਵੀ ਪੜ੍ਹ-ਲਿਖ ਸਕਦੇ ਹਨ। (VISUALLY CHALLANGED PERSONS CAN READ AND WRITE), ਦ੍ਰਿਸ਼ਟੀਹੀਨ ਵਿਅਕਤੀਆਂ ਦਾ ਵਸਤਾਂ ਬਾਰੇ ਜਾਣਕਾਰੀ ਪ੍ਰਾਪਤ ਕਰਨਾ, ਸਹਾਇਕ ਯੰਤਰਾਂ ਦੀ ਵਰਤੋਂ

10. ਬ੍ਰੇਲ ਪ੍ਰਣਾਲੀ ਕੀ ਹੈ? (WHAT IS THE BRAILLE SYSTEM?): ਦ੍ਰਿਸ਼ਟੀਹੀਨ ਵਿਅਕਤੀਆਂ ਲਈ ਉਭਰਵੇਂ ਅੱਖਰਾਂ ਵਾਲੀ ਬ੍ਰੇਲ-ਪ੍ਰਣਾਲੀ

ਅਧਿਆਇ-17 ਤਾਰੇ ਅਤੇ ਸੌਰ ਮੰਡਲ (Stars and the Solar System)

ਬ੍ਰਹਿਮੰਡ ਦੀਆਂ ਪੁਲਾੜੀ ਵਸਤਾਂ ਬਾਰੇ ਜਾਣਕਾਰੀ। ਸਭ ਤੋਂ ਨੇੜੇ ਅਤੇ ਦੂਰ ਪੁਲਾੜੀ ਪਿੰਡ ਬਾਰੇ ਜਾਣਕਾਰੀ।

1. ਚੰਨ (THE MOON): ਚੰਨ ਦੇ ਆਕਾਰ, ਗਤੀ, ਉਸਦੇ ਚਮਕਣ ਅਤੇ ਧਰਤੀ ਦੁਆਲੇ ਵੱਖ-ਵੱਖ ਅਵਸਥਾਵਾਂ ਬਾਰੇ ਜਾਣਕਾਰੀ। ਚੰਨ ਦਾ ਗੁਰਤਾ ਦੇ ਪ੍ਰਭਾਵ।
2. ਤਾਰੇ (THE STARS): ਬ੍ਰਹਿਮੰਡ ਵਿੱਚ ਗਲੈਕਸੀ ਅਤੇ ਤਾਰਿਆਂ ਬਾਰੇ ਜਾਣਕਾਰੀ ।
3. ਤਾਰਾ ਝੁੰਡ (CONSTILLATIONS): ਗਲੈਕਸੀਆਂ ਵਿੱਚ ਮੌਜੂਦ ਤਾਰਿਆਂ ਦੇ ਵਿਸ਼ੇਸ਼ ਸਮੂਹਾਂ ਬਾਰੇ ਜਾਣਕਾਰੀ ਜੋ ਧਰਤੀ ਤੋਂ ਕਿਸੇ ਵਸਤੂ ਜਾਂ ਜੀਵ ਵਰਗੇ ਦਿਸੱਦੇ ਹਨ। ਤਾਰਾ ਝੁੰਡ ਅਤੇ ਰਾਸ਼ੀ।
4. ਸੌਰ ਮੰਡਲ (THE SOLAR SYSTEM): ਸੂਰਜ, ਇਸਦੇ ਆਲੇ-ਦੁਆਲੇ ਮੌਜੂਦ ਗ੍ਰਹਿ, ਉਪਗ੍ਰਹਿ ਅਤੇ ਛੋਟੇ ਪੁਲਾੜੀ ਪਿੰਡਾਂ ਬਾਰੇ ਜਾਣਕਾਰੀ। ਗ੍ਰਹਿਆਂ ਅਤੇ ਉਪਗ੍ਰਹਿਆਂ ਦੇ ਪੱਥਾਂ ਬਾਰੇ ਜਾਣਕਾਰੀ ਪ੍ਰਾਪਤ ਕਰਨਾ।
5. ਸੌਰ ਮੰਡਲ ਦੇ ਕੁੱਝ ਹੋਰ ਪੁਲਾੜੀ ਪਿੰਡ। (SOME OTHER MEMBERS OF THE SOLAR): ਲਘੂ ਆਕਾਸ਼ੀ ਪਿੰਡ ਧੂਮ ਕੇਤੂ (ਪੂੱਛਲੇ ਤਾਰੇ)। ਉਲਕਾਵਾਂ, ਉਲਕਾ ਪਾਤ ਅਤੇ ਬਨਾਵਟੀ ਉਪਗ੍ਰਹਿਆਂ ਬਾਰੇ ਜਾਣਕਾਰੀ।

ਅਧਿਆਇ -18 ਹਵਾ ਅਤੇ ਪਾਣੀ ਦਾ ਪ੍ਰਦੂਸ਼ਣ (Pollution Of The Air and Water)

ਪ੍ਰਦੂਸ਼ਣ ਬਾਰੇ ਜਾਣਕਾਰੀ

1. ਹਵਾ ਪ੍ਰਦੂਸ਼ਣ (AIR POLLUTION): ਹਵਾ ਵਿੱਚ ਮੌਜੂਦ ਬੇਲੋੜੇ ਪਦਾਰਥਾਂ ਬਾਰੇ ਜਾਣਕਾਰੀ
2. ਹਵਾ ਕਿਵੇਂ ਪ੍ਰਦੂਸ਼ਿਤ ਹੁੰਦੀ ਹੈ। (HOW DOES AIR GET POLLUTED): ਉਦਯੋਗ, ਵਾਹਨ ਅਤੇ ਖੇਤੀ ਵਿੱਚ ਵਰਤੇ ਜਾਂਦੇ ਰਸਾਇਣਾਂ ਕਾਰਣ ਹੁੰਦਾ ਹਵਾ ਪ੍ਰਦੂਸ਼ਣ। ਓਜੋਨ ਪਰਤ ਦਾ ਨਸ਼ਟ ਹੋਣਾ।
3. ਤਾਜਮਹਿਲ ਦਾ ਵਿਸ਼ੇਸ਼ ਅਧਿਐਨ। (CASE STUDY OF THE TAJ MAHAL): ਹਵਾ ਪ੍ਰਦੂਸ਼ਣ ਕਾਰਨ , ਤੇਜ਼ਾਬੀ ਵਰਖਾ ਨਾਲ ਤਾਜਮਹਿਲ ਨੂੰ ਹੋਏ ਨੁਕਸਾਨ ਬਾਰੇ ਜਾਣਕਾਰੀ ਅਤੇ ਤਾਜਮਹਿਲ ਦੀ ਸੰਭਾਲ।
4. ਹਰਾਗ੍ਰਹਿ ਪ੍ਰਭਾਵ (GREEN HOUSE EFFECT): ਹਵਾ ਵਿੱਚ ਵਧਦੀ ਕਾਰਬਨ ਡਾਈ ਆਕਸਾਈਡ ਕਾਰਨ ਹਰਾ ਗ੍ਰਹਿ ਪ੍ਰਭਾਵ। ਉਸਦਾ ਸਜੀਵਾਂ ਅਤੇ ਨਿਰਜੀਵਾਂ ਤੇ ਅਸਰ ਅਤੇ ਹਰਾ ਗ੍ਰਹਿ ਪ੍ਰਭਾਵ ਘਟਾਉਣ ਲਈ ਉਪਰਾਲੇ।
5. ਕੀ ਕੀਤਾ ਜਾ ਸਕਦਾ ਹੈ? (WHAT CAN BE DONE ?): ਪਥਰਾਟ ਬਾਲਣਾਂ ਦੀ ਵੱਧਦੀ ਵਰਤੋਂ ਕਾਰਨ ਹਵਾ ਵਿੱਚ ਵਧਦੇ ਕਾਰਬਨ ਫੁੱਟ ਪ੍ਰਿੰਟ ਅਤੇ ਉਸਨੂੰ ਘੱਟ ਕਰਨ ਲਈ ਕੀਤੇ ਜਾ ਰਹੇ ਯਤਨ।
6. ਪਾਣੀ ਦਾ ਪ੍ਰਦੂਸ਼ਣ (WATER POLLUTION): ਪਾਣੀ ਵਿੱਚ ਦਾਖਲ ਹੁੰਦੇ ਬੇਲੋੜੇ ਪਦਾਰਥਾਂ ਨਾਲ ਹੁੰਦਾ ਪਾਣੀ ਪ੍ਰਦੂਸ਼ਣ।
7. ਪਾਣੀ ਕਿਵੇਂ ਪ੍ਰਦੂਸ਼ਿਤ ਹੁੰਦਾ ਹੈ? (HOW DOES WATER GET POLLUTED?), ਪਾਣੀ ਦੇ ਸਰੋਤਾਂ ਦਾ ਲੰਬੇ ਸਮੇਂ ਦਾ ਅਧਿਐਨ। ਗੰਗਾ ਦਾ ਪ੍ਰਦੂਸ਼ਣ ਘਟਾਉਣ ਲਈ ਗੰਗਾ ਐਕਸ਼ਨ ਪਲਾਨ

8. ਜਨਤਕ ਪਾਣੀ ਕੀ ਹੈ ਅਤੇ ਇਸ ਨੂੰ ਸ਼ੁੱਧ ਕਿਵੇਂ ਕਰਦੇ ਹਨ? (WHAT IS PUBLIC WATER AND HOW IS WATER PURIFIERD?), ਜਨਤਾ ਦੁਆਰਾ ਪੀਣ ਅਤੇ ਸਾਫ-ਸਫਾਈ ਲਈ ਵਰਤਿਆ ਜਾਂਦਾ ਪਾਣੀ। ਦੂਸ਼ਿਤ ਪਾਣੀ ਨਾਲ ਹੋਣ ਵਾਲੀਆਂ ਬਿਮਾਰਿਆਂ ਅਤੇ ਪਾਣੀ ਨੂੰ ਸ਼ੁੱਧ ਕਰਨਾ।
9. ਕੀ ਕੀਤਾ ਜਾ ਸਕਦਾ ਹੈ? (WHAT CAN BE DONE?): ਪਾਣੀ ਦੀ ਸੰਭਾਲ ਲਈ ਤਿੰਨ ਆਰ (3-R) ਭਾਵ ਘੱਟ ਵਰਤੋਂ, ਮੁੜ ਵਰਤੋਂ ਅਤੇ ਪੁਨਰ ਚੱਕਰਨ ਦਾ ਸਿਧਾਂਤ ਲਾਗੂ ਕਰਨਾ।

SA – 1 (ਕਿਰਿਆਵਾਂ ਦੀ ਸੂਚੀ)

ਕਿਰਿਆ 1 : ਵੱਖ – ਵੱਖ ਪਦਾਰਥਾਂ ਦੀ ਕੁਟੀਣਯੋਗਤਾ ਦੀ ਪਰਖ ਕਰਨਾ।
(ਪਾਠ : 4, ਪੰਨਾ : 44, ਕਿਰਿਆ : 4.1)
ਲੋੜੀਂਦਾ ਸਮਾਨ: ਲੋਹੇ ਦੀ ਕਿੱਲ, ਕੋਲੇ ਦਾ ਟੁੱਕੜਾ, ਐਲੂਮੀਨੀਅਮ ਦੀ ਤਾਰ, ਪੈਨਸਿਲ ਦਾ ਸਿੱਕਾ, ਹਥੌੜਾ।
ਕਿਰਿਆ 2 : ਬਿਜਲੀ ਸਰਕਟ ਬਾਰੇ ਸਮਝਣਾ।(ਪਾਠ : 4, ਪੰਨਾ : 45, ਕਿਰਿਆ : 4.2)
ਲੋੜੀਂਦਾ ਸਮਾਨ: ਬਿਜਲਈ ਸੈੱਲ, ਜੋੜਕ ਤਾਰਾਂ, ਬੱਲਬ ਜਾਂ LED, ਲੋਹੇ ਦੀ ਕਿੱਲ, ਤਾਂਬੇ ਦੀ ਤਾਰ, ਗੰਧਕ, ਕੋਲਾ।
ਕਿਰਿਆ 3 : ਜੰਗ ਦੇ ਸੁਭਾਅ ਦੀ ਪਰਖ ਕਰਨਾ।(ਪਾਠ : 4, ਪੰਨਾ : 46, ਕਿਰਿਆ : 4.3)
ਲੋੜੀਂਦਾ ਸਮਾਨ: ਜੰਗ, ਪਰਖ ਨਲੀਆਂ, ਪੈਂਟਰੀ ਡਿਸ਼, ਲਿਟਮਸ ਪੇਪਰ (ਲਾਲ ਅਤੇ ਨੀਲਾ), ਇੱਕ ਚਮਚ, ਪਾਣੀ।
ਕਿਰਿਆ 4 : ਵੱਖ-ਵੱਖ ਧਾਤਾਂ ਦੀ ਕਿਰਿਆਸ਼ੀਲਤਾ ਦਾ ਅਧਿਐਨ ਕਰਨਾ।
(ਪਾਠ: 4 ,ਪੰਨਾ : 50, ਕਿਰਿਆ: 4.8)
ਲੋੜੀਂਦਾ ਸਮਾਨ: ਕੱਪਰ ਸਲਫੇਟ, ਜ਼ਿੰਕ ਸਲਫੇਟ, ਆਇਰਨ ਸਲਫੇਟ, ਲੋਹੇ ਦੀ ਮੇਖ, ਜ਼ਿੰਕ ਦੇ ਟੁੱਕੜੇ, ਜ਼ਿੰਕ ਦਾ ਪੇਚ, ਤਾਂਬੇ ਦੀ ਤਾਰ ਜਾਂ ਕਾਤਰਾਂ, ਬੀਕਰ ਜਾਂ ਪਰਖਨਲੀਆਂ, ਟੈਸਟ ਟਿਊਬ ਸਟੈਂਡ, ਟੈਸਟ ਟਿਊਬ ਹੋਲਡਰ।
ਕਿਰਿਆ 5 : ਇੱਕ ਸੈੱਲੀ ਜੀਵ ਅਮੀਬਾ ਅਤੇ ਪੈਰਾਮੀਸ਼ੀਅਮ ਦੀ ਸਥਾਈ ਸਲਾਈਡ ਦਾ ਸੂਖਮਦਰਸ਼ੀ ਹੇਠ ਅਧਿਐਨ ਕਰਨਾ।(ਪਾਠ : 8, ਪੰਨਾ : 92, ਕਿਰਿਆ : 8.1)
ਲੋੜੀਂਦਾ ਸਮਾਨ: ਅਮੀਬਾ ਅਤੇ ਪੈਰਾਮੀਸ਼ੀਅਮ ਦੀ ਸਥਾਈ ਸਲਾਈਡ, ਸੂਖਮਦਰਸੀ, ਛੱਪੜ ਦਾ ਪਾਣੀ, ਕੱਚ ਦੀ ਸਲਾਈਡ, ਕਵਰ ਸਲਿੱਪ ਆਦਿ।
ਕਿਰਿਆ 6 : ਅੰਡੇ ਦੇ ਭਾਗਾਂ ਦਾ ਅਧਿਐਨ।(ਪਾਠ : 8, ਪੰਨਾ: 93, ਕਿਰਿਆ : 8.2)
ਲੋੜੀਂਦਾ ਸਮਾਨ: ਇੱਕ ਉਬਲਿਆ ਅੰਡਾ, ਚਾਕੂ।
ਕਿਰਿਆ 7 : ਪਿਆਜ ਦੀ ਝਿੱਲੀ ਦੀ ਸਲਾਈਡ ਤਿਆਰ ਕਰਨਾ।(ਪਾਠ : 8, ਪੰਨਾ : 94, ਕਿਰਿਆ : 8.3)
ਲੋੜੀਂਦਾ ਸਮਾਨ: ਇੱਕ ਪਿਆਜ, ਸੂਖਮਦਰਸ਼ੀ, ਪਾਣੀ, ਕੱਚ ਦੀ ਸਲਾਈਡ, ਕਵਰ ਸਲਿੱਪ, ਬਲੇਡ, ਚਿਮਟੀ, ਮੀਥਾਈਲੀਨ ਬਲੂ।
ਕਿਰਿਆ 8 : ਮਨੁੱਖੀ ਗੱਲ੍ਹ ਦੇ ਸੈਲਾਂ ਦੀ ਅਸਥਾਈ ਸਲਾਈਡ ਬਣਾ ਕੇ ਜੰਤੂ ਸੈਲਾਂ ਦਾ ਅਧਿਐਨ ਕਰਨਾ।
(ਪਾਠ : 8, ਪੰਨਾ : 94, ਕਿਰਿਆ : 8.4)
ਲੋੜੀਂਦਾ ਸਮਾਨ: ਦੰਦ ਖੋਦਣੀ (ਟੂਥਪਿੱਕ) ਜਾਂ ਮਾਚਿਸ ਦੀ ਤੀਲੀ (ਜਿਸਦਾ ਮਸਾਲੇ ਵਾਲਾ ਭਾਗ ਤੋੜਿਆ ਹੋਵੇ), ਕੱਚ ਦੀ ਸਲਾਈਡ, ਆਇਓਡੀਨ ਦਾ ਘੋਲ ਜਾਂ ਮੀਥਾਈਲੀਨ ਬਲਿਊ, ਸੂਖਮਦਰਸ਼ੀ, ਕੱਚ ਦੀ ਸਲਾਈਡ, ਕਵਰ ਸਲਿਪ, ਵਾਚ ਗਲਾਸ ਅਤੇ ਪਾਣੀ।
ਕਿਰਿਆ 9 : ਹਾਈਡ੍ਰਾ ਵਿੱਚ ਬਡਿੰਗ ਵਿਧੀ ਦਾ ਅਧਿਐਨ ਕਰੋ।(ਪਾਠ : 9, ਪੰਨਾ : 107, ਕਿਰਿਆ : 9.3)
ਲੋੜੀਂਦਾ ਸਮਾਨ: ਸੂਖਮਦਰਸ਼ੀ, ਹਾਈਡ੍ਰਾ ਦੀ ਸਥਾਈ ਸਲਾਈਡ।
ਕਿਰਿਆ 10 : ਅਸੰਪਰਕ ਬਲ ਬਾਰੇ ਸਮਝਣਾ।(ਪਾਠ: 11, ਪੰਨਾ : 135, ਕਿਰਿਆ 11.6)
ਲੋੜੀਂਦਾ ਸਮਾਨ: ਦੋ ਛੜ ਚੁੰਬਕ, ਗੋਲ ਪੈਨਸਿਲਾਂ ਜਾਂ ਪੈਨ।
ਕਿਰਿਆ 11 : ਸਥਿਰ ਬਿਜਲਈ ਬਲ ਨੂੰ ਸਮਝਣਾ।(ਪਾਠ : 11, ਪੰਨਾ : 136, ਕਿਰਿਆ : 11.7)
ਲੋੜੀਂਦਾ ਸਮਾਨ: ਪਲਾਸਟਿਕ ਦੇ ਦੋ ਸਟਰਾਅ, ਧਾਗਾ, ਮੇਜ ਜਾਂ ਸਟੈਂਡ, ਕਾਗਜ਼ ਦੀ ਸ਼ੀਟ।
ਕਿਰਿਆ 12 : ਦ੍ਰਵ ਬਰਤਨ ਦੇ ਤਲੇ ਤੇ ਦਬਾਅ ਲਗਾਉਂਦੇ ਹਨ, ਇਹ ਕਾਲਮ ਦੀ ਉਚਾਈ ਤੇ ਨਿਰਭਰ ਕਰਦਾ ਹੈ। (ਪਾਠ: 11, ਪੰਨਾ ਨੰਬਰ: 138, ਕਿਰਿਆ : 11.8)

ਲੋੜੀਂਦਾ ਸਮਾਨ: ਪਲਾਸਟਿਕ ਦੀ ਇੱਕ 15 ਸਮ ਲੰਬੀ ਪਾਈਪ, ਪਤਲੀ ਰਬੜ ਦੀ ਸ਼ੀਟ ਜਾਂ ਵੱਡਾ ਗੁਬਾਰਾ, ਬੰਨਣ ਲਈ ਧਾਗਾ ਜਾਂ ਟੇਪ।

ਕਿਰਿਆ 13 : ਦ੍ਰਵ ਬਰਤਨ ਦੀਆਂ ਦੀਵਾਰਾਂ ਤੇ ਦਬਾਅ ਪਾਉਂਦਾ ਹੈ।

(ਪਾਠ: 11, ਪੰਨਾ ਨੰ: 138, ਕਿਰਿਆ : 11.9)

ਲੋੜੀਂਦਾ ਸਮਾਨ: ਪਲਾਸਟਿਕ ਦੀ ਵੱਡੀ ਬੋਤਲ, ਕੱਚ ਦੀ ਨਲੀ, ਗੁਬਾਰਾ, ਐੱਮ ਸੀਲ ਜਾਂ ਕੁਇਕ ਫਿਕਸ, ਧਾਗਾ ਆਦਿ।

ਕਿਰਿਆ 14 : ਦ੍ਰਵ ਬਰਤਨ ਦੀਆਂ ਦੀਵਾਰਾਂ ਉੱਤੇ ਸਮਾਨ ਡੂੰਘਾਈ ਤੇ ਸਮਾਨ ਦਾਬ ਪਾਉਂਦੇ ਹਨ।

(ਪਾਠ : 11, ਪੰਨਾ : 139, ਕਿਰਿਆ : 11.10)

ਲੋੜੀਂਦਾ ਸਮਾਨ: ਪਲਾਸਟਿਕ ਦੀ ਠੰਡੇ ਪੇਅ ਵਾਲੀ ਵੱਡੀ ਬੋਤਲ, ਕਿੱਲ ਜਾਂ ਸੂਆ, ਗੁਬਾਰਾ।

ਕਿਰਿਆ 15 : ਇਕ ਟੈਸਟਰ ਬਣਾਉਣਾ ਅਤੇ ਇਸਦੀ ਕਾਰਜਵਿਧੀ ਸਮਝਣਾ।

(ਪਾਠ : 14, ਪੰਨਾ : 173, ਕਿਰਿਆ : 14.1)

ਲੋੜੀਂਦਾ ਸਮਾਨ: ਬੱਲਬ, ਸੈੱਲ(ਬੈਟਰੀ), ਬਿਜਲੀ ਦੀ ਤਾਰ, ਪੇਚਕਸ ਆਦਿ।

ਕਿਰਿਆ 16 : ਨਿੰਬੂ ਦਾ ਰਸ ਜਾਂ ਸਿਰਕੇ ਵਿੱਚ ਬਿਜਲੀ ਚਾਲਨ ਦੀ ਪਰਖ ਕਰਨੀ।

(ਪਾਠ : 14, ਪੰਨਾ : 173, ਕਿਰਿਆ : 14.2)

ਲੋੜੀਂਦਾ ਸਮਾਨ: ਕੱਚ ਦਾ ਬਰਤਨ, ਸੈੱਲ, ਬੱਲਬ, ਤਾਰਾਂ, ਨਿੰਬੂ ਦਾ ਰਸ ਜਾਂ ਸਿਰਕਾ।

ਕਿਰਿਆ 17 : ਕਸ਼ੀਦਤ ਪਾਣੀ ਦੀ ਚਾਲਕਤਾ ਦੀ ਪਰਖ ਕਰਨਾ।(ਪਾਠ :14, ਪੰਨਾ : 175, ਕਿਰਿਆ : 14.4)

ਲੋੜੀਂਦਾ ਸਮਾਨ: ਬਲਬ, ਸੈੱਲ, ਬਿਜਲੀ ਦੀ ਤਾਰ, ਪਲਾਸਟਿਕ ਜਾਂ ਰਬੜ ਦਾ ਢੱਕਣ, ਕਸ਼ੀਦਤ ਪਾਣੀ, ਸਧਾਰਣ ਲੂਣ।

ਕਿਰਿਆ 18 : ਪਾਣੀ ਵਿੱਚੋ ਬਿਜਲੀ ਧਾਰਾ ਪ੍ਰਵਾਹਿਤ ਕਰਨਾ ਅਤੇ ਬਿਜਲੀ ਦੇ ਰਸਾਇਣਿਕ ਪ੍ਰਭਾਵ ਨੂੰ ਸਮਝਣਾ।(ਪਾਠ : 14, ਪੰਨਾ : 176, ਕਿਰਿਆ :14.6)

ਲੋੜੀਂਦਾ ਸਮਾਨ: ਕੱਚ ਦਾ ਬਰਤਨ, ਸੈਲ, ਬੱਲਬ, ਤਾਰਾਂ, ਕਾਰਬਨ ਦੀਆਂ ਛੜਾਂ, ਧਾਤ ਦੀਆਂ ਟੋਪੀਆਂ।

ਕਿਰਿਆ 19 : ਬਿਜਲੀ ਮੁਲੰਮਾਕਰਣ ਨੂੰ ਸਮਝਣਾ।(ਪਾਠ : 14, ਪੰਨਾ : 178, ਕਿਰਿਆ : 14.7)

ਲੋੜੀਂਦਾ ਸਮਾਨ: ਸੈੱਲ, ਤਾਰ, ਕਾਪਰ ਸਲਫੇਟ ਦਾ ਘੋਲ, ਤਾਂਬੇ ਦੀਆਂ ਪਲੇਟਾਂ, ਕਸ਼ੀਦਤ ਪਾਣੀ, ਬੀਕਰ।

ਕਿਰਿਆ 20 : ਤਾਰਾ ਝੁੰਡਾ ਬਾਰੇ ਸਮਝਣਾ ਅਤੇ ਧਰੁਵ ਤਾਰੇ ਦੀ ਸਥਿਤੀ ਪਤਾ ਕਰਨਾ।

(ਪਾਠ : 17, ਪੰਨਾ : 221 - 223, ਕਿਰਿਆ: 17.5 - 17.8)

ਲੋੜੀਂਦਾ ਸਮਾਨ: ਸਪਤਰਿਸ਼ੀ ਅਤੇ ਉਰੀਆਨ ਤਾਰਾ ਝੁੰਡਾਂ ਦੇ ਮਾਡਲ, ਛੱਤਰੀ, ਕਾਗਜ਼ ਜਾਂ ਪਲਾਸਟਿਕ ਦੇ ਸਿਤਾਰੇ।

ਕਿਰਿਆ 21 : ਗ੍ਰਹਿਆਂ ਦੀ ਸੂਰਜ ਦੁਆਲੇ ਗਤੀ ਦਾ ਅਧਿਐਨ ਕਰਨਾ।

(ਪਾਠ : 17, ਪੰਨਾ : 226, ਕਿਰਿਆ : 17.9)

ਲੋੜੀਂਦਾ ਸਮਾਨ: ਗ੍ਰਹਿਆਂ ਦੇ ਨਾਂ ਵਾਲੇ ਫਲੈਸ਼ ਕਾਰਡ।

SA – 2 (ਵਿਗਿਆਨ ਵਿਸ਼ੇ ਦੀਆਂ ਕਿਰਿਆਵਾਂ ਦੀ ਸੂਚੀ)

ਕਿਰਿਆ 1: ਜਾਲਣ ਦੇ ਲਈ ਹਵਾ ਜ਼ਰੂਰੀ ਹੈ।

(ਪਾਠ : 6, ਪੰਨਾ : 65, ਕਿਰਿਆ : 6.2)

ਲੋੜੀਂਦਾ ਸਮਾਨ: ਮੋਮਬੱਤੀ, ਤਿੰਨ ਚਿਮਨੀਆਂ, ਲੱਕੜੀ ਦਾ ਢੱਕਣ।

ਕਿਰਿਆ 2: ਕਾਗ਼ਜ਼ ਦੇ ਕੱਪ ਜਾਂ ਰਬੜ ਦੇ ਗ਼ੁਬਾਰੇ ਵਿੱਚ ਪਾਣੀ ਗਰਮ ਕਰਨਾ।

(ਪਾਠ : 6, ਪੰਨਾ : 67, ਕਿਰਿਆ : 6.4)

ਲੋੜੀਂਦਾ ਸਮਾਨ: ਕਾਗ਼ਜ਼ ਦੀ ਸ਼ੀਟ ਜਾਂ ਵੱਡਾ ਗ਼ੁਬਾਰਾ, ਮੋਮਬੱਤੀ, ਮਾਚਿਸ, ਧਾਗਾ ਜਾਂ ਸਟੈਂਡ, ਪਾਣੀ।

ਕਿਰਿਆ 3: ਮੋਮਬੱਤੀ ਦੀ ਲਾਟ ਦੇ ਵੱਖ - ਵੱਖ ਭਾਗਾਂ ਨੂੰ ਸਮਝਣਾ।

(ਪਾਠ : 6, ਪੰਨਾ : 70, ਕਿਰਿਆ : 6.5)

ਲੋੜੀਂਦਾ ਸਮਾਨ: ਕੱਚ ਦੀ ਸਲਾਈਡ, ਮੋਮਬੱਤੀ, ਮਾਚਿਸ, ਕੱਚ ਦੀ ਨਲੀ, ਧਾਤ ਦੀ ਪਤਲੀ ਤਾਰ, ਚਿਮਟੀ, ਕੋਲਾ।

ਕਿਰਿਆ 4: ਰਗੜ (Friction) ਬਲ ਤਲ ਦੇ ਸੁਭਾਅ ਉੱਤੇ ਨਿਰਭਰ ਕਰਦਾ ਹੈ ਅਤੇ ਸਰਕਣਸ਼ੀਲ ਰਗੜ ਨੂੰ ਵੇਲਨੀ ਰਗੜ ਵਿੱਚ ਬਦਲਣਾ। (ਪਾਠ : 12, ਪੰਨਾ : 147, 152, ਕਿਰਿਆ : 12.3-12.4)
ਲੋੜੀਂਦਾ ਸਮਾਨ: ਕਾਰਡਬੋਰਡ/ ਲੱਕੜੀ ਦਾ ਫੱਟਾ, ਇੱਟ, ਪੈਨਸਿਲ, ਕੱਪੜਾ, ਰੇਤ/ਰੇਗਮਾਰ, ਵੇਲਨਾਕਾਰ ਸ਼ਕਲ ਦੀਆਂ ਕੁਝ ਪੈਨਸਿਲਾਂ, ਮੋਟੀ ਕਿਤਾਬ।

ਕਿਰਿਆ 5: ਸੁਰ ਸਾਜ ਅਤੇ ਉਹਨਾਂ ਦੇ ਕੰਪਨ ਕਰਦੇ ਭਾਗ।
(ਪਾਠ : 13, ਪੰਨਾ : 159, ਕਿਰਿਆ : 13.4)
ਲੋੜੀਂਦਾ ਸਮਾਨ: ਨਾਰੀਅਲ ਦਾ ਇੱਕ ਖੋਖਲਾ ਖੋਲ ਅਤੇ ਤਾਰ।

ਕਿਰਿਆ 6: ਜਲ ਤਰੰਗ। (ਪਾਠ : 13, ਪੰਨਾ : 160, ਕਿਰਿਆ : 13.5)
ਲੋੜੀਂਦਾ ਸਮਾਨ: ਧਾਤ ਦੇ ਕਟੋਰੇ ਜਾਂ ਗਿਲਾਸ (6-8), ਪੈਂਸਿਲ, ਪਾਣੀ ।

ਕਿਰਿਆ 7: ਧੁਨੀ ਸੰਚਾਰ ਲਈ ਮਾਧਿਅਮ ਦੀ ਜ਼ਰੂਰਤ ਹੁੰਦੀ ਹੈ।
(ਪਾਠ : 13, ਪੰਨਾ : 161, ਕਿਰਿਆ : 13.7)
ਲੋੜੀਂਦਾ ਸਮਾਨ: ਧਾਤ ਦਾ ਇੱਕ ਗਿਲਾਸ ਅਤੇ ਸੈਲਫੋਨ।

ਕਿਰਿਆ 8: ਧੁਨੀ ਦਾ ਉੱਚਾਪਨ (Loudness) ਅਤੇ ਤਿੱਖਾਪਨ (Pitch)।
(ਪਾਠ : 13 , ਪੰਨਾ : 164, ਕਿਰਿਆ : 13.11)
ਲੋੜੀਂਦਾ ਸਮਾਨ: ਧਾਤ ਦਾ ਗਿਲਾਸ, ਸਟੀਲ ਦਾ ਚਮਚ, ਥਰਮਾਕੋਲ ਦੀ ਗੋਲੀ ਅਤੇ ਧਾਗਾ ।

ਕਿਰਿਆ 9: ਰਗੜ ਦੁਆਰਾ ਚਾਰਜ ਕਰਨਾ ਅਤੇ ਚਾਰਜ ਦੀਆਂ ਕਿਸਮਾਂ 'ਤੇ ਉਨ੍ਹਾਂ ਦੀ ਪਰਸਪਰ ਕਿਰਿਆ ਦਾ ਅਧਿਐਨ ਕਰਨਾ। (ਪਾਠ : 15, ਪੰਨਾ : 185-186, ਕਿਰਿਆ : 15.1-15.3)
ਲੋੜੀਂਦਾ ਸਮਾਨ: ਬਾਲਪੈੱਨ ਦੀ ਖਾਲੀ ਰੀਫਿਲ, ਪਾਲੀਥੀਨ, ਉੱਨ ਦੇ ਕਪੜੇ, ਗ਼ੁਬਾਰਾ, ਖੁਸ਼ਕ ਵਾਲ, ਰਬੜ, ਸਟੀਲ ਦਾ ਚਮਚ।

ਕਿਰਿਆ 10: ਇੱਕ ਬਿਜਲੀ ਦਰਸ਼ੀ (Electroscope) ਬਣਾਕੇ ਵੱਖ-ਵੱਖ ਚਾਰਜਿਤ ਵਸਤੂਆਂ ਦੀ ਪਰਖ ਕਰਨਾ।
(ਪਾਠ : 15, ਪੰਨਾ : 187, ਕਿਰਿਆ : 15.4)

ਕਿਰਿਆ 11: ਪਰਾਵਰਤਨ ਦੇ ਨਿਯਮ (Laws of Reflection) ਦਾ ਅਧਿਐਨ ਕਰਨਾ।
(ਪਾਠ : 16, ਪੰਨਾ : 199, ਚਿੱਤਰ 16.1)
ਲੋੜੀਂਦਾ ਸਮਾਨ: ਸਮਤਲ ਦਰਪਣ, ਦਰਪਣ ਹੋਲਡਰ, ਡਰਾਇੰਗ ਸ਼ੀਟ, ਕੰਘ, ਡਰਾਇੰਗ ਬੋਰਡ ਅਤੇ ਟਾਰਚ।

ਕਿਰਿਆ 12: ਪ੍ਰਕਾਸ਼ ਦੇ ਬਹੁਪਰਾਵਰਤਨ (Multiple Reflection) ਦੁਆਰਾ ਬਣੇ ਪ੍ਰਤੀਬਿੰਬ ਦੇ ਸਰੂਪ ਦਾ ਅਧਿਐਨ ਕਰਨਾ ਅਤੇ ਕਲੀਡੀਓਸਕੋਪ (Kaleidoscope) ਬਣਾਉਣਾ।
(ਪਾਠ : 16, ਪੰਨਾ : 204, ਕਿਰਿਆ : 16.5-16.6)
ਲੋੜੀਂਦਾ ਸਮਾਨ: ਸਮਤਲ ਦਰਪਣ, ਸਟੈਂਡ, ਸਿੱਕਾ, ਗੱਤਾ, ਕਾਗ਼ਜ਼, ਸਮਤਲ ਦਰਪਣ, ਗੂੰਦ, ਟੇਪ ।

ਕਿਰਿਆ 13: ਪ੍ਰਕਾਸ਼ ਦਾ ਵਰਣ-ਵਿਖੇਪਨ (Dispersion)। (ਪਾਠ : 16, ਪੰਨਾ : 205, ਕਿਰਿਆ : 16.7)
ਲੋੜੀਂਦਾ ਸਮਾਨ: ਸਮਤਲ ਦਰਪਣ, ਕਟੋਰੀ, ਸਫ਼ੇਦ ਕਾਗ਼ਜ਼ ਦੀ ਸ਼ੀਟ।

ਨੋਟ :- ਸਮੂਹ ਸਾਇੰਸ ਅਧਿਆਪਕਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਵਿਦਿਆਰਥੀਆਂ ਲਈ ਅਲੱਗ ਤੋਂ ਕੋਈ ਵੀ ਪ੍ਰੈਕਟੀਕਲ ਨੋਟ ਬੁੱਕ ਆਦਿ ਨਾ ਲਗਾਈ ਜਾਵੇ ਅਤੇ ਪ੍ਰੈਕਟੀਕਲ/ਕਿਰਿਆਵਾਂ ਨੂੰ ਪਾਠ-ਕ੍ਰਮ ਦੇ ਨਾਲ ਨਾਲ ਕਰਵਾਈਆਂ ਜਾਣ ਅਤੇ ਵਿਦਿਆਰਥੀਆਂ ਦੁਆਰਾ ਇਹਨਾਂ ਕਿਰਿਆਵਾਂ ਨੂੰ ਸਧਾਰਨ ਨੋਟ ਬੁੱਕ ਵਿੱਚ ਹੀ ਲਿਖ ਲਿਆ ਜਾਵੇ।

9. ਵਿਗਿਆਨ
ਸ਼੍ਰੇਣੀ ਨੌਵੀਂ

ਸਮਾਂ: 3 ਘੰਟੇ
ਸਮਾਂ:

ਲਿਖਤੀ: 70 ਅੰਕ
ਪ੍ਰਯੋਗੀ: 20 ਅੰਕ
ਸੀ.ਸੀ.ਈ: 10 ਅੰਕ
ਕੁੱਲ: 100 ਅੰਕ

ਪ੍ਰਸ਼ਨ ਪੱਤਰ ਦੀ ਬਣਤਰ

1. ਸੈਂਕਸ਼ਨ ਵਾਈਜ਼ ਅਧਿਆਇ ਦੀ ਵੰਡ ਅਤੇ ਅੰਕ-ਵੰਡ ਹੇਠ ਲਿਖੇ ਅਨੁਸਾਰ ਹੈ:-
   ਸੈਂਕਸ਼ਨ-ੳ ਅਧਿਆਇ (1,2,3,4,14) = 23 ਅੰਕ
   ਸੈਂਕਸ਼ਨ-ਅ ਅਧਿਆਇ (5, 6, 7, 13, 15) = 23 ਅੰਕ
   ਸੈਂਕਸ਼ਨ-ੲ ਅਧਿਆਇ (8, 9, 10, 11, 12) = 24 ਅੰਕ
2. ਪ੍ਰਸ਼ਨ ਪੱਤਰ ਵਿੱਚ 20 ਪ੍ਰਸ਼ਨ ਹੋਣਗੇ। ਸਾਰੇ ਪ੍ਰਸ਼ਨ ਹਦਾਇਤਾ ਅਨੁਸਾਰ ਕਰਨੇ ਜ਼ਰੂਰੀ ਹਨ। ਵੰਡ ਹੇਠ ਲਿਖੇ ਅਨੁਸਾਰ ਹੈ:

ਸੈਂਕਸ਼ਨ ਨੰ:	ਅਧਿਆਇ ਨੰ:	ਇੱਕ ਅੰਕ ਵਾਲੇ ਪ੍ਰਸ਼ਨ	ਦੋ ਅੰਕ ਵਾਲੇ ਪ੍ਰਸ਼ਨ	ਤਿੰਨ ਅੰਕ ਵਾਲੇ ਪ੍ਰਸ਼ਨ	ਪੰਜ ਅੰਕ ਵਾਲੇ ਪ੍ਰਸ਼ਨ	ਕੁੱਲ ਜੋੜ
ੳ	1,2,3,4,14	3	3	3	1	23
ਅ	5,6,7,13,15	3	3	3	1	23
ੲ	8,9,10,11,12	4	3	3	1	24
	ਕੁੱਲ ਪ੍ਰਸ਼ਨ	10	9	9	3	31
	ਕੁੱਲ ਅੰਕ	10	18	27	15	70

1. ਪ੍ਰਸ਼ਨ ਨੰ: 1 ਤੋਂ 10 ਤੱਕ ਇੱਕ-ਇੱਕ ਅੰਕ ਵਾਲੇ ਹੋਣਗੇ। ਹਰੇਕ ਪ੍ਰਸ਼ਨ ਦਾ ਉੱਤਰ ਲਗਭਗ 10-15 ਸ਼ਬਦਾਂ ਦਾ ਹੋਵੇਗਾ।
2 ਪ੍ਰਸ਼ਨ ਨੰ: 11 ਤੋਂ 19 ਤੱਕ ਦੋ-ਦੋ ਅੰਕਾਂ ਵਾਲੇ ਹੋਣਗੇ। ਹਰੇਕ ਪ੍ਰਸ਼ਨ ਦਾ ਉੱਤਰ 30-40 ਸ਼ਬਦਾਂ ਦਾ ਹੋਵੇਗਾ।
3 ਪ੍ਰਸ਼ਨ ਨੰ: 20 ਤੋਂ 28 ਤੱਕ ਤਿੰਨ-ਤਿੰਨ ਅੰਕਾਂ ਵਾਲੇ ਹੋਣਗੇ। ਹਰੇਕ ਪ੍ਰਸ਼ਨ ਦਾ ਉੱਤਰ ਲਗਭਗ 50-60 ਸ਼ਬਦਾਂ ਦਾ ਹੋਵੇਗਾ।
4 ਪ੍ਰਸ਼ਨ ਨੰ: 29 ਤੋਂ 31 ਤੱਕ ਪੰਜ-ਪੰਜ ਅੰਕਾਂ ਵਾਲੇ ਹੋਣਗੇ। ਹਰੇਕ ਪ੍ਰਸ਼ਨ ਦਾ ਉੱਤਰ ਲਗਭਗ 100-120 ਸ਼ਬਦਾਂ ਵਿੱਚ ਹੋਵੇਗਾ। ਇਹਨਾਂ ਪ੍ਰਸ਼ਨਾਂ ਵਿੱਚ ਅੰਦਰੂਨੀ ਛੋਟ ਹੋਵੇਗੀ। ਅੰਦਰੂਨੀ ਛੋਟ ਵਾਲਾ ਪ੍ਰਸ਼ਨ ਉਸੇ ਇਕਾਈ ਵਿੱਚੋਂ ਹੋਵੇਗਾ।

ਪਾਠ-ਕ੍ਰਮ (ਲਿਖਤੀ)

ਪਾਠ 1:- ਸਾਡੇ ਆਲੇ-ਦੁਆਲੇ ਦੇ ਪਦਾਰਥ:-

ਪਦਾਰਥਾਂ ਦਾ ਭੌਤਿਕ ਸਰੂਪ, ਪਦਾਰਥਾਂ ਦੇ ਕਣਾਂ ਦੇ ਮੁੱਖ ਗੁਣ, ਪਦਾਰਥ ਦੀਆਂ ਅਵਸਥਾਵਾਂ, ਕੀ ਪਦਾਰਥ ਆਪਣੀ ਅਵਸਥ ਬਦਲਦੇ ਹਨ?, ਵਾਸ਼ਪੀਕਰਨ, ਵਾਸ਼ਪੀਕਰਨ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕ, ਵਾਸ਼ਪੀਕਰਨ ਨਾਲ ਠੰਢਕ ਕਿਵੇਂ ਪੈਦਾ ਹੁੰਦੀ ਹੈ?, ਗਰਮੀਆਂ ਵਿੱਚ ਅਸੀਂ ਸੂਤੀ ਕਪੜੇ ਕਿਉਂ ਪਹਿਨਣਦੇ ਹਾਂ।

ਪਾਠ 2:- ਸਾਡੇ ਆਲੇ-ਦੁਆਲੇ ਦੇ ਪਦਾਰਥਾਂ ਦੀ ਸ਼ੁਧਤਾ:-

ਮਿਸ਼ਰਣ ਕੀ ਹੈ?, ਮਿਸ਼ਰਣ ਦੀਆਂ ਕਿਸਮਾਂ, ਘੋਲ ਕੀ ਹੈ?, ਘੋਲ ਦੇ ਗੁਣ, ਘੋਲਾਂ ਦੀ ਸੰਘਤਾ, ਨਿਲੰਬਨ ਕੀ ਹੈ?, ਨਿਲੰਬਨ ਦੇ ਗੁਣ, ਕੋਲਾਈਡਨ ਘੋਲ ਕੀ ਹਨ?, ਕੋਲਾਈਡਲ ਦੇ ਗੁਣ, ਮਿਸ਼ਰਣ ਦੇ ਘਟਕਾਂ ਦਾ ਨਿਖੇੜਨ, ਨੀਲੀ/ਕਾਲੀ ਸਿਆਹੀ ਤੋਂ ਰੰਗਦਾਰ ਡਾਈ ਕਿਵੇਂ ਪ੍ਰਾਪਤ ਕੀਤੀ ਜਾਂਦੀ ਹੈ, ਕਰੀਮ ਨੂੰ ਦੁੱਧ ਤੋਂ ਕਿਵੇਂ ਵੱਖ ਕਰ ਸਕਦੇ ਹਾਂ, ਅਸੀਂ ਨਮਕ ਅਤੇ ਸੋਡੀਅਮ ਕਲੋਰਾਈਡ ਦੇ ਮਿਸ਼ਰਣ ਨੂੰ ਕਿਵੇਂ ਵੱਖ ਕਰ ਸਕਦੇ ਹਾਂ,ਅਸੀਂ ਦੋ ਅਯੁਲਨਸ਼ੀਲ ਘੋਲਾਂ ਨੂੰ ਕਿਵੇ ਵੱਖ ਕਰ ਸਕਦੇ ਹਾਂ, ਅਸੀਂ ਵੱਖ-ਵੱਖ ਗੈਸਾਂ ਹਵਾ ਤੋਂ ਕਿਵੇਂ ਪ੍ਰਾਪਤ ਕਰਦੇ ਹਾਂ, ਅਸ਼ੁੱਧ ਸੈਮਪਲ ਤੋਂ ਸ਼ੁੱਧ ਕਾਪਰ ਸਲਫੇਟ ਕਿਵੇਂ ਪ੍ਰਾਪਤ ਕਰਦੇ ਹਾਂ, ਭੌਤਿਕ ਅਤੇ ਰਸਾਇਣਿਕ ਪਰਾਵਰਤਨ, ਸ਼ੁੱਧ ਪਦਾਰਥਾਂ ਦੀਆਂ ਕਿਸਮਾਂ ਕੀ ਹਨ।

ਪਾਠ 3:- ਪਰਮਾਣੂ ਅਤੇ ਅਣੂ:-

ਰਸਾਇਣਿਕ ਸੰਯੋਜਨ ਦੇ ਨਿਯਮ (Laws of Chemical Combination) ਪੁੰਜ ਸੁਰਖਿਅਣ ਨਿਯਮ ਕੀ ਹੈ?, ਸਥਿਰ ਅਨੁਪਾਤੀ ਨਿਯਮ, ਪਰਮਾਣੂ ਕੀ ਹਨ, ਪਰਮਾਣੂ ਦੇ ਸੰਕੇਤ, ਪਰਮਾਣੂ ਪੁੰਜ, ਪਰਮਾਣੂਆਂ ਦੀ ਹੋਂਦ, ਅਣੂ ਕੀ ਹਨ?, ਤੱਤਾਂ ਤੇ ਯੋਗਿਕਾਂ ਦੇ ਅਣੂ, ਆਇਨ ਕੀ ਹਨ?, ਰਸਾਇਣਿਕ ਸੂਤਰਾਂ ਦਾ ਲਿਖਣਾਂ, ਸਰਲ ਯੋਗਿਕਾਂ ਦੇ ਸੂਤਰ, ਅਣਵੀਂ ਪੁੰਜ ਅਤੇ ਮੋਲ ਸਿਧਾਂਤ, ਸੂਤਰ ਇਕਾਈ ਪੁੰਜ।

ਪਾਠ 4:- ਪਰਮਾਣੂ ਦੀ ਬਣਤਰ:-

ਪਰਮਾਣੂ ਦੀ ਬਣਤਰ, ਪਰਮਾਣੂ ਦਾ ਥਾਮਸਨ ਮਾਡਲ, ਪਰਮਾਣੂ ਦਾ ਰਦਰ ਫੋਰਡ ਮਾਡਲ ਤੇ ਇਸ ਦੀਆਂ ਖਾਮੀਆਂ, ਪਰਮਾਣੂ ਦਾ ਬੋਹਰ ਮਾਡਲ, ਨਿਊਟ੍ਰਾਨ, ਇਲੈਕਟ੍ਰਾਨੀ ਤਰਤੀਬ, ਇਲੈਕਟ੍ਰਨਾਂ ਦੀ ਵੱਖ-ਵੱਖ ਊਰਜਾ ਸੈੱਲਾਂ ਵਿੱਚ ਤਰਤੀਬ, ਸੰਯੋਜਕਤਾ, ਪਰਮਾਣੂ ਸੰਖਿਆ ਤੇ ਪੁੰਜ-ਸੰਖਿਆ, ਸਮਸਥਾਨਕ, ਸਮਭਾਰਿਕ।

ਪਾਠ 5:- ਜੀਵਨ ਦੀ ਮੁੱਢਲੀ ਇਕਾਈ:-

ਸਜੀਵ ਕਿਵੇਂ ਬਣੇ ਹੁੰਦੇ ਹਨ?, ਸੈੱਲ-ਕੰਧ (ਸੈੱਲ ਭਿੱਤੀ), ਕੇਂਦਰਕ ਸੈੱਲ-ਦ੍ਰਵ, ਸੈੱਲ ਦੇ ਨਿੱਕੜੇ ਅੰਗ, ਐਂਡੋਪਲਾਜ਼ਮੀ, ਗਾਲਜੀ ਕਾਇਆਵਾਂ, ਲਾਈਸੋਸੋਮ, ਮਾਇਟੋਕੋਡਰੀਆਂ, ਪਲਾਸਟਿਡ, ਰਸਧਾਨੀਆਂ।

ਪਾਠ 6:- ਟਿਸ਼ੂ:-

ਪੌਦਾ ਟਿਸ਼ੂ ਅਤੇ ਪ੍ਰਾਣੀ ਟਿਸ਼ਾ, ਇਨ੍ਹਾਂ ਦੀ ਵੰਡ, ਵਿਭਾਜਨਯੋਗ ਟਿਸ਼ੂ ਦਾ ਵਰਗੀ ਕਰਨ, ਪ੍ਰਾਣੀ ਟਿਸ਼ੂ ਦੀ ਵੰਡ ਤੇ ਵਰਨਣ, ਪੇਸ਼ੀ ਟਿਸ਼ੂ ਤੇ ਨਾੜੀ ਟਿਸ਼ੂ, ਅਧਿਛੱਦ ਟਿਸ਼ੂ, ਜੋੜਕ ਟਿਸ਼ੂ।

ਪਾਠ 7:- ਸਜੀਵ ਜਗਤ ਵਿੱਚ ਵਿਭਿੰਨਤਾ:-

ਸਜੀਵਾਂ ਦਾ ਵਰਗੀਕਰਣ, ਵਰਗੀਕਰਣ ਅਤੇ ਜੀਵ ਵਿਕਾਸ, ਮੋਨੀਰਾ, ਪ੍ਰਟੀਸਟਾ, ਫੰਜਾਈ, ਪਲਾਂਟੀ, ਬ੍ਰਾਇਓਫਾਈਟ, ਫਾਈਲਮ ਪ੍ਰੋਟੋਜ਼ੋਆ ਦੀਆਂ ਕੁਝ ਉਦਾਹਰਣਾਂ, ਫੰਜਾਈ ਦੀਆਂ ਕੁਝ ਉਦਾਹਰਣਾਂ, ਥੈਲੋਫਾਈਟਾ, ਟੈਰਿਡੋਫਾਈਟਾ, ਜਿਮਨੋਸਪਰਮ, ਐਂਜੀਓਸਪਰਮ, ਐਨੀਮੇਲੀਆ ਅਤੇ ਐਲੀਮੇਲੀਆ ਜਗਤ ਦਾ ਵਰਗੀਕਰਨ, ਵਰਟੀਬਰੇਟਾ, ਐਂਫਿਬੀਆ, ਰੈਪਟੀਲੀਆ, ਏਵੀਜ਼, ਐਲੀਆ, ਪਾਇਸਿਸ, ਇਕਾਈਨੋਡਰਮੇਟਾ, ਪ੍ਰੋਟੋਕੈਰਡੇਟਾ।

ਪਾਠ 8:- ਗਤੀ:-

ਗਤੀ ਦੀ ਵਿਆਖਿਆ ਅਤੇ ਵਰਗੀਕਰਨ, ਇੱਕਸਮਾਨ ਅਤੇ ਅਸਮਾਨ ਗਤੀ, ਗਤੀ ਦੀ ਦਰ ਦਾ ਮਾਪਨ, ਦਿਸ਼ਾ ਵੱਲ ਚਾਲ, ਗਤੀ ਬਦਲਣ ਦੀ ਦਰ, ਦੂਰੀ-ਸਮਾਂ ਗਰਾਫ, ਵੇਗ-ਸਮਾਂ ਗਰਾਫ, ਗਤੀ ਦੀਆਂ ਸਮੀਕਰਨਾਂ ਗਰਾਫਿਕ ਵਿਧੀ ਅਨੁਸਾਰ, ਇੱਕ ਸਮਾਨ ਚਕਰਾਕਾਰ ਗਤੀ।

ਪਾਠ 9:- ਬਲ ਅਤੇ ਗਤੀ ਦੇ ਨਿਯਮ:-

ਸੰਤੁਲਿਤ ਅਤੇ ਅਸੰਤੁਲਿਤ ਬਲ, ਗਤੀ ਦਾ ਪਹਿਲਾ ਨਿਯਮ, ਜੜ੍ਹਤਾ ਅਤੇ ਪੁੰਜ, ਗਤੀ ਦਾ ਦੂਜਾ ਨਿਯਮ, ਗਤੀ ਦਾ ਤੀਜਾ ਨਿਯਮ, ਸੰਵੇਗ ਦਾ ਸੁਰੱਖਿਅਣ।

ਪਾਠ 10:- ਗੁਰੂਤਾ-ਆਰਸ਼ਣ:-

ਗੁਰੂਤਾ-ਆਕਰਸ਼ਣ ਦਾ ਸਰਵ-ਵਿਆਪੀ ਨਿਯਮ ਤੇ ਇਸ ਦੀ ਮਹੱਤਤਾ, ਗੁਰੂਤਾ ਦੇ ਪ੍ਰਭਾਵ ਅਧੀਨ ਵਸਤੂ ਦੀ ਗਤੀ, ਪੁੰਜ ਅਤੇ ਭਾਰ, ਧਕੇਲ ਬਲ ਅਤੇ ਦਬਾਉ, ਦ੍ਰਵਾਂ ਵਿੱਚ ਦਬਾਅ, ਉਛਾਲ ਬਲ, ਅਰਾਕੀਮਿਡੀਜ਼ ਦਾ ਸਿਧਾਂਤ, ਸਾਪੇਖ ਘਣਤਾ।

ਪਾਠ 11:- ਕੰਮ ਅਤੇ ਊਰਜਾ:-

ਕੰਮ ਦੀ ਪਰਿਭਾਸ਼ਾ ਤੇ ਇਕਾਈ, ਊਰਜਾ ਦੀ ਪਰਿਭਾਸ਼ਾ ਤੇ ਇਕਾਈ, ਗਤਿਜ ਊਰਜਾ, ਸਥਿਤਜ ਊਰਜਾ।

ਪਾਠ 12:- ਧੁਨੀ:-

ਧੁਨੀ ਦਾ ਉਤਪਾਦਨ, ਧੁਨੀ ਦਾ ਸੰਚਾਰ, ਲੱਛਨ, ਵੱਖ-ਵੱਖ ਮਾਧਿਅਮ ਵਿੱਚ ਧੁਨੀ ਚਾਲ, ਸਰਲ ਪੈਂਡੂਲਮ, ਬੈਲਜਾਰ ਵਾਲਾ ਪ੍ਰਯੋਗ ਅਤੇ ਟਿਊਨਿੰਗ ਫੋਰਕ ਰਾਹੀਂ ਪ੍ਰਯੋਗ ਕਰਨਾ, ਵੱਖ-ਵੱਖ ਮੀਡੀਆਂ ਵਿੱਚ ਧੁਨੀ ਦਾ ਵੇਗ, ਗੂੰਜ (Echo) ਧੁਨੀ ਦਾ ਪਰਾਵਰਤਨ ਤੇ ਉਸ ਦੇ ਉਪਯੋਗ, ਗੂੰਜ, ਪਾਰਸ੍ਰਵਣ ਤਰੰਗਾਂ ਅਤੇ ਉਨ੍ਹਾਂ ਦੇ ਉਪਯੋਗ, ਸੋਨਾਰ ਦੀ ਵਿਆਖਿਆ, ਸੁਣਨਯੋਗ ਸੀਮਾ, ਪਰਾਸਰਵਣ ਧੁਨੀ ਦੇ ਉਪਯੋਗ, ਮਨੁੱਖੀ ਕੰਨ ਦੀ ਬਣਤਰ।

ਪਾਠ 13:- ਅਸੀਂ ਬਿਮਾਰ ਕਿਉਂ ਹੁੰਦੇ ਹਾਂ:-

ਸਿਹਤ ਅਤੇ ਇਸ ਦਾ ਵਿਗਾੜ, ਸਿਹਤ ਦੀ ਮਹੱਤਤਾ, ਬਿਮਾਰੀਆਂ ਅਤੇ ਇਸ ਦੇ ਕਾਰਨ, ਅਲਪਕਾਲੀਨ ਅਤੇ ਦੀਰਘਕਾਲੀਨ ਰੋਗ, ਦੀਰਘ-ਕਾਲੀਨ ਰੋਗ ਅਤੇ ਮੰਦੀ ਸਿਹਤ, ਛੂਤ ਅਤੇ ਅਛੂਤ ਰੋਗਾਂ ਦੇ ਕਾਰਨ, ਛੂਤ ਰੋਗਾਂ ਦੇ ਕਾਰਕ, ਰੋਗਾਂ ਦੇ ਇਲਾਜ ਦੇ ਸਿਧਾਂਤ, ਰੋਗਾਂ ਨੂੰ ਦੂਰ ਕਰਨ ਦੇ ਸਿਧਾਂਤ।

ਪਾਠ 14:- ਸਾਡੇ ਕੁਦਰਤੀ ਸਾਧਨ:-

ਹਵਾ ਜਿਸ ਵਿੱਚ ਅਸੀਂ ਸਾਹ ਲੈਂਦੇ ਹਾਂ, ਹਵਾ ਦਾ ਵੇਗ, ਹਵਾ ਪ੍ਰਦੂਸ਼ਣ, ਵਰਖਾ, ਪਾਣੀ, ਪਾਣੀ ਦਾ ਪ੍ਰਦੂਸ਼ਣ, ਪਾਣੀ ਦਾ ਚੱਕਰ, ਨਾਈਟਰੋਜਨ ਚੱਕਰ, ਕਾਰਬਨ ਚੱਕਰ, ਗ੍ਰੀਨ-ਹਾਊਸ ਪ੍ਰਭਾਵ, ਓਜੋਨ ਪਰਤ।

ਪਾਠ 15:- ਭੋਜਨ-ਸਾਧਨਾਂ ਵਿੱਚ ਤਰੱਕੀ:-

ਫਸਲੀ-ਉਤਪਾਦਨ ਵਿੱਚ ਵਾਧੇ ਸੰਬੰਧੀ ਤੇ ਤਰੱਕੀ ਸੰਬੰਧੀ, ਫਸਲਾਂ ਦੀਆਂ ਕਿਸਮਾਂ, ਫਸਲਾਂ ਦੇ ਵਾਧੇ ਦੀ ਵਿਉਂਤਬੰਧੀ, ਪੋਸ਼ਕ ਤੱਤਾਂ ਦੀ ਵਿਉਂਤਬੰਧੀ, ਖਾਦਾਂ, ਸਿੰਚਾਈ-ਪ੍ਰਬੰਧ, ਪਸ਼ੂ ਪਾਲਣ, ਦਾਛਿਆਂ ਨੂੰ ਸਟੋਰ ਕਰਨ ਦੀਆਂ ਵਿਧੀਆਂ ਤੇ ਲੱਛਣ, ਪੋਲਟਰੀ ਫਾਰਮਿੰਗ, ਮੱਛੀ ਪਾਲਣ।

ਪਾਠ-ਕ੍ਰਮ (ਪ੍ਰਯੋਗੀ)

ਜਮਾਤ ਵਿੱਚ ਪ੍ਰਯੋਗ ਸਿਲੇਬਸ ਦੇ ਨਾਲ ਹੀ ਕਰਵਾਏ ਜਾਣ ।

ਪ੍ਰਯੋਗਾਂ ਦੀ ਸੂਚੀ

ਪਹਿਲਾ ਟਰਮ

1. ਭੋਜਨ ਵਿੱਚ
   - i. ਸਟਾਰਚ ਦੀ ਮੌਜੂਦਰੀ ਦੀ ਪਰਖ ਕਰਨੀ
   - ii. ਚਨਾ ਦਾਲ ਵਿੱਚ ਮੈਟਾਨਿਲ ਯੇਲੋ ਮਿਲਾਵਟ ਦੀ ਮੌਜੂਦਗੀ ਦੀ ਪਰਖ ਕਰਨੀ।
2. ਤਿਆਰ ਕਰਨਾ
   - i. ਸਾਧਾਰਨ ਨਮਕ, ਚੀਨੀ ਅਤੇ ਐਲਮ ਦਾ, ਘੋਲ ਤਿਆਰ ਕਰਨਾ
   - ii. ਮਿੱਟੀ, ਚਾਕ ਪਾਊਡਰ, ਰੇਤੇ ਦਾ ਪਾਣੀ ਵਿੱਚ ਸਸਪੇਂਸ਼ਨ ਘੋਲ ਤਿਆਰ ਕਰਨਾ
   - iii. ਸਟਾਰਚ ਦਾ ਪਾਣੀ ਵਿੱਚ ਅਤੇ ਅੰਡੇ ਦਾ ਐਲਬੂਮਿਨ/ਦੁਧ ਦਾ ਪਾਣੀ ਵਿੱਚ ਕਲਾਇਡਲ ਘੋਲ ਤਿਆਰ ਕਰਨਾ
3. ਲੋਹ ਚੂਰਨ ਅਤੇ ਸਲਫ਼ਰ ਪਾਊਡਰ ਦੀ ਵਰਤੋਂ ਕਰਦੇ ਹੋਏ ਮਿਸ਼ਰਨ ਅਤੇ ਯੋਗਿਕ ਤਿਆਰ ਕਰਨਾ ਅਤੇ ਨਿਮਨਲਿਖਤ ਦੇ ਆਧਾਰ ਤੇ ਅੰਤਰ ਸਪਸ਼ਟ ਕਰਨਾ
   - i. ਦਿੱਖ- ਸਮਅੰਗਤਾ ਅਤੇ ਵਿਖਮਅੰਗਤਾ
   - ii. ਚੁੰਬਕ ਦੇ ਪ੍ਰਤੀ ਕਿਰਿਆ
   - iii. ਘੋਲਕਕਾਰਬਨ ਡਾਈਸਲਫਾਈਡ ਦੇ ਪ੍ਰਤੀ ਕਿਰਿਆ
   - iv. ਤਾਪ ਦਾ ਪ੍ਰਭਾਵ
4. ਨਿਮਨਲਿਖਤ ਰਸਾਇਣਿਕ ਕਿਰਿਆਵਾਂ ਕਰਨਾ ਅਤੇ ਭੋਤਿਕ ਜਾਂ ਰਸਾਇਣਿਕ ਬਦਲਾਵਾਂ ਦੇ ਆਧਾਰ ਤੇ ਉਨ੍ਹਾਂ ਦਾ ਵਰਗੀਕਰਨ ਕਰਨਾ -
   - i. ਲੋਹੇ ਅਤੇ ਕਾਪਰ ਸਲਫੇਟ ਦਾ ਘੋਲ -1
   - ii. ਹਵਾ ਵਿੱਚ ਮੈਗਨੀਸ਼ੀਅਮ ਰਿਬਨ ਦਾ ਜਲਣਾ-1
   - iii. ਜਿਸਤ ਅਤੇ ਪਤਲੇ ਸਲਫਿਊਰਿਕ ਐਸਿਡ ਦੀ ਕਿਰਿਆ-1
   - iv. ਅਮੋਨੀਅਮ ਕਲੋਰਾਈਡ ਨੂੰ ਗਰਮ ਕਰਨਾ ।

v. ਸੋਡੀਅਮ ਸਲਫੇਟ ਅਤੇ ਬੇਰੀਅਮ ਕਲੋਰਾਈਡ ਦੇ ਘੋਲਾਂ ਵਿੱਚ ਰਸਾਇਣਿਕ ਦੀ ਕਿਰਿਆ
vi. ਪਿਆਜ਼ ਦੀ ਝਿੱਲੀ ਅਤੇ
vii. ਗੱਲ੍ਹ ਦੇ ਐਪੀਥੀਅਨ ਸੈਲਾਂ ਦੀ ਅਸਥਾਈ ਸਲਾਇਡ ਤਿਆਰ ਕਰਨਾ ਅਤੇ ਇਹਨਾਂ ਦੇ ਹਿੱਸਿਆਂ ਦੀ ਪਹਿਚਾਣ ਰਨਾ ਅਤੇ ਨਾਮਾਂਕਿਤ ਚਿੱਤਰ ਤਿਆਰ ਕਰਨਾ ।

5. ਤਿਆਰ ਸਥਾਈ ਸਲਾਈਡ ਦੁਆਰਾ ਪੌਦਿਆਂ ਵਿੱਚ ਪੈਰੇਨਕਾਈਮਾ ਅਤੇ ਸਕਲੈਰਨਕਾਈਮਾ ਟਿਸ਼ੂ ਅਤੇ ਜੰਤੂਆ ਵਿੱਚ ਧਾਰੀਦਾਰ ਪੇਸ਼ੀ ਟਿਸ਼ੂ ਅਤੇ ਨਾੜੀ ਸੈਲ ਦੀ ਪਹਿਚਾਨ ਕਰਨੀ ਅਤੇ ਨਾਮਾਂਕਿਤ ਚਿੱਤਰ ਤਿਆਰ ਕਰਨਾ ।
6. ਜੋਹਰ ਉਡਾਉਣਾ ਵਿਧੀ ਰਾਹੀ ਨਮਕ, ਰੇਤ ਅਤੇ ਅਮੋਨੀਅਮ ਕਲੋਰਾਈਡ ਦੇ ਮਿਸ਼ਰਨ ਤੋਂ ਵੱਖ-ਵੱਖ ਅੰਸ਼ਾਂ ਨੂੰ ਨਖੇੜਨਾ।
7. ਬਰਫ਼ ਦਾ ਪਿਘਲਾਣ ਦਰਜ਼ਾ ਅਤੇ ਪਾਣੀ ਦਾ ਉਬਾਲ ਦਰਜ਼ਾ ਗਿਆਤ ਕਰਨਾ ।
8. ਕਮਾਨੀਦਾਰ ਤੁਲਾ ਦੀ ਸਹਾਇਤਾ ਨਾਲ ਇੱਕ ਖਤਿਜੀ ਟੇਬਲ ਤੇ ਰੱਖੇ ਆਇਤਾਕਾਰ ਲਕੜ ਦੇ ਬਲਾਕ ਦੇ ਪੁੰਜ ਅਤੇ ਨਿਊਨਤਮ ਬਲ ਦੇ ਵਿੱਚਕਾਰ ਸਬੰਧ ਸਥਾਪਿਤ ਕਰਨਾ ਜਦੋਂ ਬਲਾਕ ਹਿਲਨਾ ਸ਼ੁਰੂ ਹੋ ਜਾਣੇ ।
9. ਕਿਸ਼ਮਿਸ਼ (ਸੌਗੀ) ਦੁਆਰਾ ਸੋਖੇ ਗਏ ਪਾਣੀ ਦਾ ਪੁੰਜ ਪ੍ਰਤੀਸ਼ਤ ਗਿਆਤ ਕਰਨਾ ।

ਦੂਜਾ ਟਰਮ

1. ਧੁਨੀ ਦੇ ਪਰਾਵਰਤਨ ਦੇ ਸਿਧਾਂਤ ਨੂੰ ਸਿੱਧ ਕਰਨਾ ।
2. ਇੱਕ ਕਮਾਨੀਦਾਰ ਤੁਲਾ ਅਤੇ ਮਾਪਕ ਸਿਲੰਡਰ ਦੀ ਸਹਾਇਤਾ ਨਾਲ ਇੱਕ ਠੋਸ ਵਸਤੂ (ਜਿਸਦੀ ਘਣਤਾ ਪਾਣੀ ਤੋਂ ਵੱਧ ਹੋਵੇ) ਦੀ ਘਣਤਾ ਪਤਾ ਕਰਨਾ ।
3. ਦੋ ਵੱਖ-ਵੱਖ ਠੋਸ ਵਸਤਾਂ ਦੀ ਸਹਾਇਤਾ ਨਾਲ ਠੋਸ ਦੇ ਪੁੰਜ ਵਿੱਚ ਆਈ ਕਮੀ ਅਤੇ ਵਿਸਥਾਪਿਤ ਪਾਣੀ ਦੇ ਪੁੰਜ ਵਿੱਚਕਾਰ ਸਬੰਧ (ਆਰਕੀਮਿਡੀਜ ਸਿਧਾਂਤ) ਨੂੰ ਦਰਸਾਉਣਾ ਜਦੋ !
   - ਨਲਕੇ ਦਾ ਪਾਣੀ ਹੋਵੇ।
   - ਖਾਰਾ ਪਾਣੀ ਹੋਵੇ।
4. ਠੋਸ ਲੋਹੇ ਦੇ ਘਣਾਵ ਦੀ ਵੱਖ-ਵੱਖ ਤਿੰਨ ਸਤ੍ਹਾਂ ਦੁਆਰਾ ਰੇਤੇ /ਆਟੇ ਉੱਤੇ ਪਾਏ ਗਏ ਦਬਾਉ ਦਾ ਨਿਰੀਖਣ ਕਰਨਾ ਅਤੇ ਹਰੇਕ ਸਤ੍ਹਾਂ ਦੁਆਰਾ ਪਾਏ ਗਏ ਦਬਾਉ ਨੂੰ ਮਾਪਨਾ ।
5. ਇੱਕ ਖਿੱਚੀ ਹੋਈ ਤਾਰ ਦੁਆਰਾ ਤਰੰਗ ਦੀ ਗਤੀ ਨੂੰ ਨਿਰਧਾਰਿਤ ਕਰਨਾ ।
6. ਸਪਾਈਰੋਗਾਇਰਾ/ਅਗੈਰੀਕਸ, ਮੌਸ/ਫਰਨ, ਪਾਇਨਸ (ਨਰ ਜਾਂ ਮਾਦਾ ਕੋਨ) ਅਤੇ ਐਨਜਿਉਸਪਰਮ ਪੋਦਿਆਂ ਦੇ ਲਛਣਾਂ ਦਾ ਅਧਿਐਨ ਕਰਨਾ ਅਤੇ ਸਬੰਧਤ ਗਰੂਪੀ ਦੇ ਦੋ ਵਿਸ਼ੇਸ਼ ਦੀ ਪਹਿਚਾਨ ਕਰਨਾ ਅਤੇ ਚਿੱਤਰ ਤਿਆਰ ਕਰਨਾ।
7. ਚਿੱਤਰ /ਚਾਰਟ /ਮਾੱਡਲ ਦੀ ਸਹਾਇਤਾ ਨਾਲ ਕੱਾਕਰੋਚ, ਗੰਡੋਆ, ਮੱਛੀ ਅਤੇ ਪੰਛੀ ਦਾ ਅਧਿਐਨ ਅਤੇ ਹਰੇਕ ਜੰਤੂ ਈ ਚਿੱਤਰ ਤਿਆਰ ਕਰਨਾ ।
   - ਫਾਈਲਮ ਦਾ ਵਿਸ਼ੇਸ਼ ਲੱਛਣ ਰਿਕਾਰਡ ਕਰਨਾ-1
   - ਨਿਵਾਸ ਸਥਾਨ ਦੇ ਆਧਾਰ ਤੇ ਅਨੁਕੂਲਿਤ ਲੱਛਣਾਂ ਦੀ ਪਹਿਚਾਣ ਕਰਨਾ ।
8. ਰਸਾਇਣਿਕ ਕਿਰਿਆ ਦੌਰਾਨ ਪੁੰਜ ਦੇ ਸੁੱਰਖਿਅਣ ਦੇ ਸਿਧਾਂਤ ਨੂੰ ਸਿੱਧ ਕਰਨਾ ।
9. ਇੱਕ ਬੀਜ ਪੱਤਰੀ ਘਤੇ ਦੋ ਬੀਜ ਪੱਤਰੀ ਪੌਦਿਆਂ ਦੀ ਜੜ੍ਹਾਂ, ਤਣੇ, ਪੱਤਿਆਂ ਅਤੇ ਫੁਲਾਂ ਦੇ ਬਾਹਰੀ ਲੱਛਣਾਂ ਦਾ ਅਧਿਐਨ ਕਰਨਾ ।
10. ਮਛੱਰ ਦੇ ਜੀਵਨ ਚੱਕਰ ਦਾ ਅਧਿਐਨ ਕਰਨਾ।

SA – 1 (ਵਿਗਿਆਨ ਵਿਸ਼ੇ ਦੀਆਂ ਕਿਰਿਆਵਾਂ ਦੀ ਸੂਚੀ)

ਕਿਰਿਆ 01: ਪਦਾਰਥ ਛੋਟੇ-ਛੋਟੇ ਕਣਾਂ ਤੋਂ ਮਿਲ ਕੇ ਬਣਿਆ ਹੈ।

(ਕਿਰਿਆ: 1.2, ਪਾਠ: 01, ਪੰਨਾ ਨੰਬਰ: 2)

ਲੋੜੀਂਦਾ ਸਮਾਨ: ਪੋਟਾਸ਼ੀਅਮ ਪਰਮੈਂਗਨੇਟ ਦੇ ਕ੍ਰਿਸਟਲ, ਬੀਕਰ, ਟੈਸਟ ਟਿਊਬ, ਪਾਣੀ।

ਕਿਰਿਆ 02: ਠੋਸਾਂ ਅਤੇ ਦ੍ਰਵਾਂ ਦੀ ਤੁਲਨਾ ਵਿੱਚ ਗੈਸਾਂ ਦਾ ਨਪੀੜਨ ਜ਼ਿਆਦਾ ਹੁੰਦਾ ਹੈ।

(ਕਿਰਿਆ: 1.11, ਪਾਠ: 01, ਪੰਨਾ: 05)

ਲੋੜੀਂਦਾ ਸਮਾਨ: 100 ml ਦੀਆਂ ਤਿੰਨ ਸਰਿੰਜਾਂ, ਰਬੜ ਕਾਰਕ, ਚਾਕ ਦੇ ਟੁੱਕੜੇ, ਵੈਸਲੀਨ, ਪਾਣੀ।

ਕਿਰਿਆ 03: ਪਦਾਰਥ ਦੀ ਅਵਸਥਾ ਅਤੇ ਤਾਪਮਾਨ ਪਰਿਵਰਤਨ ਦੇ ਪ੍ਰਭਾਵ ਦਾ ਅਧਿਐਨ ਕਰਨਾ।

(ਕਿਰਿਆ: 1.12, ਪਾਠ: 01, ਪੰਨਾ: 7)

ਲੋੜੀਂਦਾ ਸਮਾਨ: ਬੀਕਰ, ਬਰਫ਼, ਥਰਮਾਮੀਟਰ, ਬਰਨਰ, ਸਟੈਂਡ, ਕੱਚ ਦੀ ਛੜ, ਟਰਾਈਪੌਡ ਸਟੈਂਡ।

ਕਿਰਿਆ 04: ਜੌਹਰ ਉਡਾਉਣ ਕਿਰਿਆ ਦਾ ਅਧਿਐਨ ਕਰਨਾ।

ਕਿਰਿਆ ਨੰ: 1.13, ਪਾਠ ਨੰ: 1, ਪੰਨਾ ਨੰ: 8

ਲੋੜੀਂਦਾ ਸਮਾਨ: ਅਮੋਨੀਅਮ ਕਲੋਰਾਈਡ, ਚਾਈਨਾ ਡਿਸ਼, ਕੱਚ ਦੀ ਕੀਫ, ਟ੍ਰਾਈਪੌਡ ਸਟੈਂਡ, ਜਾਲੀ, ਸਪਿਰਿਟ ਲੈਂਪ।

ਕਿਰਿਆ 05: ਰੰਗ ਵਾਲੇ ਘਟਕ (ਡਾਈ) ਨੂੰ ਨੀਲੇ ਜਾਂ ਕਾਲੇ ਰੰਗ ਦੀ ਸਿਆਹੀ ਤੋਂ ਵੱਖ ਕਰਨਾ।

(ਕਿਰਿਆ: 2.4, ਪਾਠ: 02, ਪੰਨਾ: 20)

ਲੋੜੀਂਦਾ ਸਮਾਨ: ਬੀਕਰ, ਵਾੱਚ ਗਲਾਸ, ਸਿਆਹੀ, ਟਰਾਈਪੌਡ ਸਟੈਂਡ, ਬਰਨਰ।

ਕਿਰਿਆ 06: ਦੋ ਅਘੁਲਣਸ਼ੀਲ ਦ੍ਰਵਾਂ ਨੂੰ ਉਨ੍ਹਾਂ ਦੇ ਮਿਸ਼ਰਨ ਵਿੱਚੋਂ ਵੱਖ ਕਰਨਾ।

(ਕਿਰਿਆ: 2.6, ਪਾਠ: 02, ਪੰਨਾ: 21)

ਲੋੜੀਂਦਾ ਸਮਾਨ: ਨਿਖੇੜਕ ਕੀਫ਼, ਮਿੱਟੀ ਦਾ ਤੇਲ, ਪਾਣੀ, ਬੀਕਰ, ਟ੍ਰਾਈਪੌਡ ਸਟੈਂਡ।

ਕਿਰਿਆ 07: ਕਰੋਮੈਟੋਗਰਾਫ਼ੀ (Chromatography) ਦੁਆਰਾ ਸਿਆਹੀ (Ink) ਵਿੱਚ ਮੌਜੂਦ ਡਾਈ ਦੇ ਰੰਗਾਂ ਨੂੰ ਨਿਖੇੜਨਾ (Separation)। (ਕਿਰਿਆ: 2.7, ਪਾਠ: 02, ਪੰਨਾ:22)

ਲੋੜੀਂਦਾ ਸਮਾਨ: ਕਾਲੀ ਸਿਆਹੀ, ਫ਼ਿਲਟਰ ਪੇਪਰ, ਜ਼ਾਰ/ ਬੀਕਰ/ ਪਰਖਨਲੀ, ਪਾਣੀ, ਪੈਨਸਿਲ।

ਕਿਰਿਆ 08: ਕ੍ਰਿਸਟਲੀਕਰਨ (Crystallisation) ਰਾਹੀਂ ਕਾਪਰ ਸਲਫੇਟ ਦੇ ਅਸ਼ੁੱਧ ਨਮੂਨੇ ਵਿਚੋਂ ਸ਼ੁੱਧ ਕਾਪਰ ਸਲਫੇਟ ਪ੍ਰਾਪਤ ਕਰਨਾ। (ਕਿਰਿਆ: 2.9, ਪਾਠ: 02, ਪੰਨਾ: 25)

ਲੋੜੀਂਦਾ ਸਮਾਨ: ਚੀਨੀ ਮਿੱਟੀ ਦੀ ਪਿਆਲੀ, 5 ਗ੍ਰਾਮ ਅਸ਼ੁੱਧ ਕਾਪਰ ਸਲਫੇਟ, ਫ਼ਿਲਟਰ ਪੇਪਰ, ਸਪਿਰਿਟ ਲੈਂਪ, ਟ੍ਰਾਈਪੌਡ ਸਟੈਂਡ।

ਕਿਰਿਆ 09: ਸਜੀਵ ਕਿਸ ਦੇ ਬਣੇ ਹੁੰਦੇ ਹਨ? (ਕਿਰਿਆ ਨੰ: 5.1, ਪਾਠ ਨੰ : 5, ਪੰਨਾ ਨੰ: 64)

ਲੋੜੀਂਦਾ ਸਮਾਨ: ਪਿਆਜ਼ (ਪੌਦਾ ਸੈੱਲ ਲਈ ਸੈਂਪਲ), ਸੂਖਮਦਰਸ਼ੀ, ਕੱਚ ਦੀ ਸਲਾਈਡ, ਕਵਰ ਸਲਿੱਪ, ਸੈਫਰਾਨਿਨ ਸਟੇਨ, ਚਿਮਟੀ।

ਕਿਰਿਆ 10: ਅੰਡੇ ਰਾਹੀਂ ਪਰਸਰਨ (Osmosis) ਕਿਰਿਆ ਦਾ ਅਧਿਐਨ।

(ਕਿਰਿਆ ਨੰ: 5.3, ਪਾਠ: 5, ਪੰਨਾ ਨੰ: 67)

ਲੋੜੀਂਦਾ ਸਮਾਨ : ਦੋ ਅੰਡੇ, ਹਲਕਾ ਹਾਈਡ੍ਰੋਕਲੋਰਿਕ ਐਸਿਡ, ਸ਼ੁੱਧ ਪਾਣੀ, ਨਮਕ ਦਾ ਗਾੜ੍ਹਾ ਘੋਲ, ਬੀਕਰ।

ਕਿਰਿਆ 11: ਸੌਗੀ ਜਾਂ ਖੁਰਮਾਨੀ ਵਿੱਚ ਪ੍ਰਸਰਨ ਵਿਧੀ ਦਾ ਅਧਿਐਨ। (ਪਾਠ:5,ਪੰਨਾ ਨੰ: 68, ਕਿਰਿਆ: 5.4)

ਲੋੜੀਂਦਾ ਸਮਾਨ: ਸੁੱਕੀ ਸੌਗੀ (ਦਾਖ ਜਾਂ ਕਿਸ਼ਮਿਸ਼/ਖੁਰਮਾਨੀ), ਪਾਣੀ, ਚੀਨੀ ਦਾ ਘੋਲ਼।

ਕਿਰਿਆ 12 : ਗੱਲ੍ਹ ਦੇ ਐਪੀਥੀਲੀਅਲ ਸੈੱਲਾਂ ਦਾ ਅਧਿਐਨ ਕਰਨਾ। (ਪਾਠ ਨੰਬਰ:5,ਪੰਨਾ ਨੰ: 69, ਕਿਰਿਆ:5.7)

ਲੋੜੀਂਦਾ ਸਾਮਾਨ : ਕੱਚ ਦੀ ਸਲਾਈਡ, ਪਾਣੀ ,ਆਈਸਕ੍ਰੀਮ ਖਾਣ ਵਾਲਾ ਚੱਮਚ, ਸੈਫਰਾਨਿਨ ਸਟੇਨ, ਕਵਰ ਸਲਿੱਪ, ਸੂਖਮਦਰਸ਼ੀ।

ਕਿਰਿਆ 13: ਸਰਲ ਸਥਾਈ ਟਿਸ਼ੂਆਂ ਦਾ ਅਧਿਐਨ। (ਪਾਠ ਨੰਬਰ:6,ਪੰਨਾ ਨੰਬਰ: 78, ਕਿਰਿਆ: 6.2)

ਲੋੜੀਂਦਾ ਸਮਾਨ: ਕਿਸੇ ਪੌਦੇ ਦਾ ਬਾਰੀਕ ਤਣਾਂ, ਸੈਫਰਾਨਿਨ ਸਟੇਨ, ਗਲਿਸਰੀਨ, ਕੱਚ ਦੀ ਸਲਾਈਡ, ਸੰਯੁਕਤ ਸੂਖਮਦਰਸ਼ੀ, ਬਲੇਡ, ਆਲੂ, ਪੈਟਰੀ-ਡਿਸ਼।

ਕਿਰਿਆ 14: ਪੌਦਿਆਂ ਵਿੱਚ ਐਪੀਡਰਮਿਸ ਅਤੇ ਸਟੋਮੈਟਾ ਦਾ ਅਧਿਐਨ ਕਰਨਾ।

(ਕਿਰਿਆ ਨੰ:6.3, ਪਾਠ: 6, ਪੰਨਾ ਨੰ: 80)

ਲੋੜੀਂਦਾ ਸਮਾਨ: ਰਿਉ (Rhoeo) ਦਾ ਪੱਤਾ, ਸਲਾਇਡ, ਕਵਰ ਸਲਿੱਪ, ਸੈਫਰਾਨਿਨ ਘੋਲ, ਪੈਟਰੀਡਿਸ਼, ਸੂਖਮਦਰਸ਼ੀ।

ਕਿਰਿਆ 15: ਇੱਕ ਬੀਜ ਪੱਤਰੀ ਅਤੇ ਦੋ ਬੀਜ ਪੱਤਰੀ ਪੌਦਿਆਂ ਦੀਆਂ ਜੜ੍ਹਾਂ, ਪੱਤਿਆਂ, ਬੀਜਾਂ ਅਤੇ ਫੁੱਲਾਂ ਦਾ ਅਧਿਐਨ ਕਰਨਾ। (ਕਿਰਿਆ ਨੰ: 7.2, ਪਾਠ: 7, ਪੰਨਾ: 99)

ਲੋੜੀਂਦਾ ਸਮਾਨ: ਹਰੇ ਛੋਲੇ, ਕਣਕ, ਮੱਕੀ, ਮਟਰ, ਇਮਲੀ ਦੇ ਪੌਦੇ ਦੇ ਪੱਤੇ, ਜੜ੍ਹਾਂ ਅਤੇ ਬੀਜ, ਬੀਕਰ, ਪਾਣੀ।

ਕਿਰਿਆ 16: ਦੂਰੀ ਸਮਾਂ ਗਰਾਫ਼ ਬਣਾਉਣਾ। (ਕਿਰਿਆ: 8.10, ਪਾਠ: 8, ਪੰਨਾ: 118)

ਲੋੜੀਂਦਾ ਸਮਾਨ: ਗਰਾਫ਼ ਪੇਪਰ, ਪੈੱਨਸਿਲ, ਫੁੱਟਾ/ਸਕੇਲ।

ਕਿਰਿਆ17:ਇੱਕ ਸਮਾਨ ਚੱਕਰਾਕਾਰ ਗਤੀ ਦਾ ਅਧਿਐਨ ਕਰਨਾ।(ਕਿਰਿਆ:8.11,ਪਾਠ:08, ਪੰਨਾ:122)

ਲੋੜੀਂਦਾ ਸਮਾਨ: ਧਾਗਾ, ਇੱਕ ਛੋਟਾ ਪੱਥਰ।

ਕਿਰਿਆ 18: ਵਿਰਾਮ ਜੜ੍ਹਤਾ ਦਾ ਅਧਿਐਨ ਕਰਨਾ। (ਪਾਠ: 9, ਪੰਨਾ ਨੰਬਰ: 130, ਕਿਰਿਆ: 9.2)

ਲੋੜੀਂਦਾ ਸਮਾਨ: ਕੱਚ ਦਾ ਗਲਾਸ ਜਾਂ ਬੀਕਰ , ਤਾਸ਼ ਦਾ ਪੱਤਾ ਜਾਂ ਸਖ਼ਤ ਗੱਤੇ ਦਾ ਟੁਕੜਾ, ਸਿੱਕਾ।

ਕਿਰਿਆ 19: ਸੰਵੇਗ ਦੇ ਸੁਰੱਖਿਅਣ ਨਿਯਮ (Law of conservation of momentum) ਦਾ ਅਧਿਐਨ।

(ਪਾਠ: 9, ਪੰਨਾ ਨੰਬਰ: 137, ਕਿਰਿਆ: 9.5)

ਲੋੜੀਂਦਾ ਸਮਾਨ: ਰੱਸੀ, ਗੁਬਾਰਾ, ਸਟਰਾਅ (ਨਲੀ), ਫੈਵੀ ਕਵਿੱਕ ਜਾਂ ਹੋਰ ਚਿਪਕਾਉਣ ਵਾਲਾ ਪਦਾਰਥ।

ਕਿਰਿਆ 20: ਨਿਊਟਨ ਦਾ ਤੀਜਾ ਨਿਯਮ ਅਤੇ ਸੰਵੇਗ ਦੇ ਸੁਰੱਖਿਅਣ ਨਿਯਮ ਦਾ ਅਧਿਐਨ ਕਰਨਾ।

(ਪਾਠ : 9, ਪੰਨਾ : 138, ਕਿਰਿਆ : 9.6)

ਲੋੜੀਂਦਾ ਸਮਾਨ: ਕੱਚ ਦੀ ਪਰਖਨਲੀ, ਸਟਾਪ ਕਾਰਕ, ਪਾਣੀ, ਬਰਨਰ, ਸਟੈਂਡ, ਅੱਗ ਰੋਧੀ ਧਾਗੇ।

ਕਿਰਿਆ 21: ਉਛਾਲ ਬਲ (Buoyancy) ਨੂੰ ਸਮਝਣਾ। (ਪਾਠ 10, ਪੰਨਾ ਨੰਬਰ: 155, ਕਿਰਿਆ 10.4)

ਲੋੜੀਂਦਾ ਸਮਾਨ: ਬਾਲਟੀ, ਪਲਾਸਟਿਕ ਦੀ ਖਾਲੀ ਬੋਤਲ, ਕਾਰਕ ਅਤੇ ਪਾਣੀ

ਕਿਰਿਆ 22: ਪਾਣੀ ਦੀ ਸਤ੍ਹਾ 'ਤੇ ਰੱਖੀ ਵਸਤੂ ਤੈਰਦੀ ਜਾਂ ਡੁੱਬਦੀ ਕਿਉਂ ਹੈ ?

(ਪਾਠ : 10, ਪੰਨਾ : 156, ਕਿਰਿਆ : 10.5, 10.6)

ਲੋੜੀਂਦਾ ਸਮਾਨ : ਬੀਕਰ, ਕਿੱਲ, ਲੱਕੜ ਦਾ ਕਾਰਕ, ਪਾਣੀ, ਲੋਹੇ ਦੀ ਕਿੱਲ।

ਕਿਰਿਆ 23: ਆਰਕੀਮਿਡੀਜ਼ ਦੇ ਸਿਧਾਂਤ (Archimedes Principle) ਨੂੰ ਸਮਝਣਾ।

(ਪਾਠ : 10, ਪੰਨਾ : 157, ਕਿਰਿਆ: 10.7)

ਲੋੜੀਂਦਾ ਸਮਾਨ: ਪੱਥਰ ਦਾ ਟੁਕੜਾ, ਕਮਾਨੀਦਾਰ ਤੁਲਾ, ਰਬੜ ਦੀ ਡੋਰੀ, ਪਾਣੀ, ਬੀਕਰ, ਮਾਪਕ ਸਲੰਡਰ, ਯੂਰੇਕਾ ਵੈਸਲ

SA – 2 (ਵਿਗਿਆਨ ਵਿਸ਼ੇ ਦੀਆਂ ਕਿਰਿਆਵਾਂ ਦੀ ਸੂਚੀ)

ਕਿਰਿਆ 1: ਪਦਾਰਥਾਂ ਵਿੱਚ ਚਾਰਜਿਤ ਕਣਾਂ ਦੇ ਸੁਭਾਅ ਨੂੰ ਜਾਣਨਾ।

(ਪਾਠ:4, ਕਿਰਿਆ: 4.1, ਪੰਨਾ : 52)

ਲੋੜੀਂਦਾ ਸਮਾਨ : ਕੰਘੀ, ਸੁੱਕੇ ਵਾਲ, ਕਾਗ਼ਜ਼ ਦੇ ਛੋਟੇ-ਛੋਟੇ ਟੁਕੜੇ, ਕੱਚ ਦੀ ਛੜ, ਸਿਲਕ ਦਾ ਕੱਪੜਾ, ਗੁਬਾਰੇ।

ਕਿਰਿਆ 2 : ਸਥਾਈ ਪਰਮਾਣੂ ਮਾਡਲ ਤਿਆਰ ਕਰੋ ਅਤੇ ਪਹਿਲੇ ਅਠਾਰਾਂ ਤੱਤਾਂ ਦੇ ਇਲੈਕਟ੍ਰਾਨੀ ਤਰਤੀਬ ਨੂੰ ਦਰਸਾਉ।

(ਪਾਠ 4, ਕਿਰਿਆ 4.2, ਪੰਨਾ 57)

ਲੋੜੀਦਾ ਸਮਾਨ : ਸਫ਼ੈਦ ਚਾਕ, ਰੰਗਦਾਰ ਚਾਕ, ਡਸਟਰ, ਤਾਰਾਂ ਦੇ ਬਣੇ ਵੱਖ-ਵੱਖ ਅਕਾਰ ਦੇ ਰਿੰਗ ਅਤੇ ਮੋਤੀ ।

ਕਿਰਿਆ 3: ਸਥਿਤਿਜ ਊਰਜਾ ਦਾ ਅਧਿਐਨ ਕਰਨਾ ਅਤੇ ਊਰਜਾ ਰੁਪਾਂਤਰਣ।

(ਪਾਠ : 11, ਕਿਰਿਆ : 11.8, 11.11, 11.12, ਪੰਨਾ : 169)

ਲੋੜੀਂਦਾ ਸਮਾਨ: ਰਬੜ ਬੈਂਡ ਜਾਂ ਰਬੜ ਦਾ ਛੱਲਾ, ਬਾਂਸ ਦੀ ਸੋਟੀ, ਹਲਕੀ ਡੰਡੀ, ਡੋਰੀ, ਛੋਟੇ ਪੱਥਰ ਦਾ ਟੁਕੜਾ।

ਕਿਰਿਆ 4: ਧੁਨੀ (Sound) ਕਿਵੇਂ ਪੈਦਾ ਹੁੰਦੀ ਹੈ।

(ਪਾਠ : 12, ਕਿਰਿਆ: 12.1, 12.2, ਪੰਨਾ : 179-180)

ਲੋੜੀਂਦਾ ਸਮਾਨ: ਟੇਬਲ ਟੈਨਿਸ ਦੀ ਗੇਂਦ, ਪਤਲਾ ਧਾਗਾ, ਟਿਊਨਿੰਗ ਫੋਰਕ, ਰਬੜ ਪੈਡ, ਗਲਾਸ, ਪਾਣੀ।

ਕਿਰਿਆ 5: ਸਪਰਿੰਗ ਦੀ ਮਦਦ ਨਾਲ ਲੰਬੇ ਦਾਅ (ਲਾਂਗੀਚਿਊਡਨਲ) ਤਰੰਗਾਂ ਨੂੰ ਸਮਝਣਾ।

(ਪਾਠ : 12, ਕਿਰਿਆ : 12.4, ਪੰਨਾ : 182)

ਲੋੜੀਂਦਾ ਸਮਾਨ: ਸਪਰਿੰਗ (ਸਲਿੰਕੀ)।

ਕਿਰਿਆ 6: ਧੁਨੀ ਦੇ ਪਰਾਵਰਤਨ ਦਾ ਅਧਿਐਨ ਕਰਨਾ।

(ਪਾਠ-12 , ਕਿਰਿਆ 12.5 , ਪੰਨਾ 188)

ਲੋੜੀਂਦਾ ਸਮਾਨ: ਦੋ ਪਾਇਪਾਂ ਜਾਂ ਚਾਰਟ ਨਾਲ ਬਣੀਆਂ ਪਾਈਪਾਂ, ਮੇਜ਼, ਘੜੀ ਜਾਂ ਅਲਾਰਮ।

ਕਿਰਿਆ 7: ਹਵਾ ਦੀ ਗਤੀ (ਪੌਣ) ਨੂੰ ਜਾਨਣਾ।

(ਪਾਠ : 14, ਕਿਰਿਆ : 14.2, ਪੰਨਾ : 215)

ਲੋੜੀਂਦਾ ਸਮਾਨ: ਚੌੜੇ ਮੂੰਹ ਵਾਲੀ ਬੋਤਲ ਜਾਂ ਬੀਕਰ, ਮੋਮਬੱਤੀ, ਅਗਰਬੱਤੀ, ਮਾਚਿਸ।

ਕਿਰਿਆ 8: ਬੱਦਲ ਬਣਨ ਅਤੇ ਵਰਖਾ ਹੋਣ ਦੇ ਕਾਰਨਾਂ ਦਾ ਅਧਿਐਨ ਕਰਨਾ।

(ਪਾਠ : 14, ਕਿਰਿਆ : 14.3, ਪੰਨਾ : 215)

ਲੋੜੀਂਦਾ ਸਮਾਨ: ਪਤਲੇ ਪਲਾਸਟਿਕ ਦੀ ਬੋਤਲ, ਅਗਰਬੱਤੀ, ਬੀਕਰ, ਪਾਣੀ।

ਕਿਰਿਆ 9: ਮਿੱਟੀ ਦੀਆਂ ਪਰਤਾਂ ਦਾ ਅਧਿਐਨ। (ਪਾਠ : 14, ਕਿਰਿਆ : 14.10, ਪੰਨਾ : 220)

ਲੋੜੀਂਦਾ ਸਮਾਨ: ਦੋ ਬੀਕਰ, ਪਾਣੀ, ਮਿੱਟੀ ,ਕੱਚ ਦੀ ਛੜ ।

ਨੋਟ :- **ਸਮੂਹ ਸਾਇੰਸ ਅਧਿਆਪਕਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਵਿਦਿਆਰਥੀਆਂ ਲਈ ਅਲੱਗ ਤੋਂ ਕੋਈ ਵੀ ਪ੍ਰੈਕਟੀਕਲ ਨੋਟ ਬੁੱਕ ਆਦਿ ਨਾ ਲਗਾਈ ਜਾਵੇ ਅਤੇ ਪ੍ਰੈਕਟੀਕਲ/ਕਿਰਿਆਵਾਂ ਨੂੰ ਪਾਠ-ਕ੍ਰਮ ਦੇ ਨਾਲ ਨਾਲ ਕਰਵਾਈਆਂ ਜਾਣ ਅਤੇ ਵਿਦਿਆਰਥੀਆਂ ਦੁਆਰਾ ਇਹਨਾਂ ਕਿਰਿਆਵਾਂ ਨੂੰ ਸਧਾਰਨ ਨੋਟ ਬੁੱਕ ਵਿੱਚ ਹੀ ਲਿਖ ਲਿਆ ਜਾਵੇ।**